ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਵੀਰਵਾਰ, 19 ਸਤੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੪ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਕੈਬਨਿਟ ਨੇ ਲਿਆ ਵੱਡਾ ਫੈਸਲਾ

# ਵਨ ਨੇਸ਼ਨ ਵਨ ਇਲੈਕਸ਼ਨ ਦੇ ਪ੍ਰਸਤਾਵ ਨੂੰ ਦਿੱਤੀ ਮਨਜ਼ੂਰੀ

**ਨਵੀਂ ਦਿੱਲੀ, 18 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤੀਜੇ ਕਾਰਜਕਾਲ ਦੇ 100 ਦਿਨ ਪੂਰੇ ਹੋਣ ਤੋਂ ਬਾਅਦ ਕੈਬਨਿਟ ਨੇ ਵੱਡਾ ਫੈਸਲਾ ਲਿਆ ਹੈ। ਵਨ ਨੇਸ਼ਨ ਵਨ ਇਲੈਕਸ਼ਨ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਵਨ ਨੇਸ਼ਨ ਵਨ ਇਲੈਕਸ਼ਨ ਕਮੇਟੀ ਨੇ ਇਹ ਪ੍ਰਸਤਾਵ ਕੈਬਨਿਟ ਨੂੰ ਭੇਜਿਆ ਸੀ। ਕਿਹਾ ਜਾ ਰਿਹਾ ਹੈ ਕਿ ਸਰਕਾਰ ਇਸ ਨੂੰ ਆਉਣ ਵਾਲੇ ਸਰਦਰੁੱਤ ਇਜਲਾਸ 'ਚ ਪੇਸ਼ ਕਰ ਸਕਦੀ ਹੈ। ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਅਗਵਾਈ ਵਾਲੀ ਕਮੇਟੀ ਨੇ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਮਾਰਚ ਵਿੱਚ ਇਹ ਰਿਪੋਰਟ ਪੇਸ਼ ਕੀਤੀ ਸੀ। ਕੈਬਨਿਟ ਦੇ ਸਾਹਮਣੇ ਰਿਪੋਰਟ ਪੇਸ਼ ਕਰਨਾ ਕਾਨੂੰਨ ਮੰਤਰਾਲੇ ਦੇ 100 ਦਿਨਾਂ ਦੇ ਏਜੰਡੇ ਦਾ ਹਿੱਸਾ ਸੀ। ਉੱਚ ਪੱਧਰੀ ਕਮੇਟੀ ਨੇ ਪਹਿਲੇ ਪੜਾਅ ਵਜੋਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਕਰਵਾਉਣ ਦੀ ਸਿਫ਼ਾਰਸ਼ ਕੀਤੀ ਸੀ। ਕਿਹਾ ਗਿਆ ਸੀ ਕਿ 100 ਦਿਨਾਂ ਦੇ ਅੰਦਰ ਲੋਕਲ ਬਾਡੀ ਚੋਣਾਂ ਕਰਵਾਈਆਂ ਜਾਣਗੀਆਂ। ਕਮੇਟੀ ਨੇ ਸਿਫਾਰਿਸ਼ਾਂ ਨੂੰ ਲਾਗੂ ਕਰਨ 'ਤੇ ਵਿਚਾਰ ਕਰਨ ਲਈ 'ਇੰਪਲੀਮੈਂਟੇਸ਼ਨ ਗਰੁੱਪ' ਦੇ ਗਠਨ ਦਾ ਪ੍ਰਸਤਾਵ ਵੀ ਰੱਖਿਆ ਸੀ। ਕਮੇਟੀ ਮੁਤਾਬਕ ਨਾਲੋ-ਨਾਲ ਚੋਣਾਂ ਕਰਵਾਉਣ ਨਾਲ ਸਰੋਤਾਂ ਦੀ ਬਚਤ ਹੋਵੇਗੀ। ਵਿਕਾਸ ਅਤੇ ਸਮਾਜਿਕ ਸਦਭਾਵਨਾ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਜਮਹੂਰੀ ਢਾਂਚੇ ਦੀ ਨੀਂਹ ਮਜ਼ਬੂਤ ਹੋਵੇਗੀ। ਇਸ ਨਾਲ 'ਭਾਰਤ, ਜੋ ਭਾਰਤ' ਦੀਆਂ ਅਕਾਂਖਿਆਵਾਂ ਨੂੰ ਸਾਕਾਰ ਕਰਨ 'ਚ ਮਦਦ ਮਿਲੇਗੀ।



Exclusive News

## ਪੰਜਾਬ 'ਚ ਦਿਨ-ਦਿਹਾੜੇ ਲੁੱਟਿਆ ਬੈਂਕ

**ਅੰਮ੍ਰਿਤਸਰ, 18 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿਚ ਦਿਨ-ਦਿਹਾੜੇ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਮੁਤਾਬਕ ਅੰਮ੍ਰਿਤਸਰ ਵਿਖੇ ਕੱਥੂ ਨੰਗਲ 'ਚ ਨਿੱਜੀ ਬੈਂਕ ਐੱਚ. ਡੀ.ਐੱਫ਼. ਸੀ. ਬੈਂਕ ਵਿਚ ਲੁਟੇਰਿਆਂ ਨੇ ਡਾਕਾ ਮਾਰ ਕੇ ਵੱਡੀ ਵਾਰਦਾਤ ਨੂੰ ਅੰਜਾਮ ਦਿੱਤਾ। ਦਿਨ-ਦਿਹਾੜੇ ਲੁਟੇਰੇ ਬੈਂਕ ਵਿਚੋਂ 25 ਲੱਖ ਰੁਪਏ ਦੀ ਲੁੱਟ ਕਰਕੇ ਫਰਾਰ ਹੋ ਗਏ। ਉਕਤ ਸਾਰੀ ਘਟਨਾ ਸੀ. ਸੀ. ਟੀ. ਵੀ. ਵਿਚ ਕੈਦ ਹੋ ਗਈ ਹੈ। ਘਟਨਾ ਦੀ ਸੂਚਨਾ ਪਾ ਕੇ ਮੌਕੇ ਉਤੇ ਪਹੁੰਚੀ ਪੁਲਸ ਨੇ ਸੀ.ਸੀ.ਟੀ.ਵੀ. ਕਬਜ਼ੇ ਵਿਚ ਲੈ ਕੇ ਲੁਟੇਰਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਸਾਬਕਾ ਸੀਐੱਮ ਚਰਨਜੀਤ ਚੰਨੀ ਨੂੰ ਕਾਂਗਰਸ ਨੇ ਦਿੱਤੀ ਵੱਡੀ ਜ਼ਿੰਮੇਵਾਰੀ

**ਚੰਡੀਗੜ੍ਹ, 18 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਲੋਕ ਸਭਾ ਸੀਟ ਤੋਂ ਸਾਂਸਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸ ਨੇ ਵੱਡੀ ਜ਼ਿੰਮੇਵਾਰੀ ਦਿੱਤੀ ਹੈ। ਕਾਂਗਰਸ ਨੇ ਸੰਸਦ ਮੈਂਬਰ ਚੰਨੀ ਅਤੇ ਹਿਮਾਚਲ ਦੇ ਸਾਬਕਾ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੂੰ ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ 2024 ਲਈ ਸੀਨੀਅਰ ਆਬਜ਼ਰਵਰ ਵਜੋਂ ਨਿਯੁਕਤ ਕੀਤਾ ਹੈ। ਤੁਹਾਨੂੰ ਦੱਸ ਦੇਈਏ ਕਿ ਜੰਮੂ-ਕਸ਼ਮੀਰ 'ਚ ਬੁੱਧਵਾਰ ਯਾਨੀ ਅੱਜ ਵਿਧਾਨ ਸਭਾ ਚੋਣਾਂ ਲਈ ਪਹਿਲੇ ਪੜਾਅ ਦੀ ਵੋਟਿੰਗ ਹੋ ਰਹੀ ਹੈ। ਜੰਮੂ-ਕਸ਼ਮੀਰ ਦੀਆਂ ਚੋਣਾਂ ਨੂੰ ਲੈ ਕੇ ਕਾਂਗਰਸ ਕਿਸੇ ਵੀ ਤਰ੍ਹਾਂ ਦਾ ਜੋਖਮ ਨਹੀਂ ਉਠਾਉਣਾ ਚਾਹੁੰਦੀ। ਇਸ ਲਈ ਕਾਂਗਰਸ ਹਰ ਸੂਬੇ ਤੋਂ ਵੱਡੇ ਫਰਕ ਨਾਲ ਜਿੱਤੇ ਉਮੀਦਵਾਰਾਂ ਨੂੰ ਜੰਮੂ-ਕਸ਼ਮੀਰ ਦੀ ਜ਼ਿੰਮੇਵਾਰੀ ਸੌਂਪ ਰਹੀ ਹੈ।

## ਅੰਮ੍ਰਿਤਪਾਲ ਸਿੰਘ 'ਤੇ NSA ਦੀ ਮਿਆਦ ਕਿਸ ਆਧਾਰ ਵਧਾਈ ? ਹਾਈਕੋਰਟ ਵੱਲੋਂ ਜਵਾਬ ਤਲਬ



**ਚੰਡੀਗੜ੍ਹ, 18 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀ ਫਿਲਮ ਅਦਾਕਾਰ ਦਲਜੀਤ ਕਲਸੀ 'ਤੇ ਮੁੜ ਤੋਂ ਲਾਏ ਗਏ ਨੈਸ਼ਨਲ ਸਕਿਓਰਿਟੀ ਐਕਟ (ਐਨਐਸਏ) ਮਾਮਲੇ ਦੀ ਅੱਜ (ਬੁੱਧਵਾਰ) ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਸੁਣਵਾਈ ਹੋਈ। ਇਸ ਦੌਰਾਨ ਅਦਾਲਤ ਨੇ ਪੰਜਾਬ, ਕੇਂਦਰ ਸਰਕਾਰ ਤੇ ਡਿਬਰੂਗੜ੍ਹ ਜੇਲ੍ਹ ਤੋਂ ਪੁੱਛਿਆ ਕਿ ਦੋਵਾਂ ਮੁਲਜ਼ਮਾਂ ਖ਼ਿਲਾਫ਼ ਐਨਐਸਏ ਦੀ ਮਿਆਦ ਕਿਸ ਆਧਾਰ 'ਤੇ ਵਧਾਈ ਗਈ ਹੈ। ਅਦਾਲਤ ਨੇ ਕਿਹਾ ਕਿ ਅਗਲੀ ਸੁਣਵਾਈ 'ਚ ਸਾਰਾ ਰਿਕਾਰਡ ਪੇਸ਼ ਕੀਤਾ ਜਾਵੇ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 3 ਅਕਤੂਬਰ ਨੂੰ ਤੈਅ ਕੀਤੀ ਗਈ ਹੈ। ਦੱਸ ਦਈਏ ਕਿ ਇਸ ਸਮੇਂ ਅੰਮ੍ਰਿਤਪਾਲ ਸਿੰਘ ਤੇ ਦਲਜੀਤ ਸਿੰਘ ਕਲਸੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਦੋਵਾਂ ਦੀ ਤਰਫੋਂ ਇੱਕ ਪਟੀਸ਼ਨ ਦਾਇਰ ਕੀਤੀ ਗਈ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ 'ਤੇ ਦੁਬਾਰਾ ਐਨਐਸਏ ਲਗਾਉਣਾ ਗਲਤ ਹੈ। ਉਨ੍ਹਾਂ ਨੇ ਆਪਣੇ ਖਿਲਾਫ ਕੀਤੀ ਗਈ ਕਾਰਵਾਈ ਨੂੰ ਗੈਰ-ਸੰਵਿਧਾਨਕ ਦੱਸਿਆ ਹੈ। ਉਹ ਡੇਢ ਸਾਲ ਤੋਂ ਵੱਧ ਸਮੇਂ ਤੋਂ ਆਪਣੇ ਰਾਜ, ਰਿਸ਼ਤੇਦਾਰਾਂ ਤੇ ਲੋਕਾਂ ਤੋਂ ਦੂਰ ਹਨ। ਉਨ੍ਹਾਂ ਦੀ ਜ਼ਿੰਦਗੀ ਤੇ ਆਜ਼ਾਦੀ ਨੂੰ ਅਸਾਧਾਰਨ ਤੇ ਬੇਰਹਿਮ ਤਰੀਕੇ ਨਾਲ ਖੋਹ ਲਿਆ ਗਿਆ ਹੈ। ਯਾਦ ਰਹੇ ਅੰਮ੍ਰਿਤਪਾਲ ਸਿੰਘ ਨੇ ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣ ਲੜੀ ਸੀ। ਉਨ੍ਹਾਂ ਨੇ ਇੱਕ ਦਿਨ ਵੀ ਪ੍ਰਚਾਰ ਨਹੀਂ ਕੀਤਾ ਸੀ ਤੇ ਉਹ ਜੇਲ੍ਹ ਵਿੱਚ ਸਨ ਪਰ ਫਿਰ ਵੀ ਉਹ ਖੁਦ ਚੋਣ ਪ੍ਰਚਾਰ ਕੀਤੇ ਬਿਨਾਂ ਹੀ ਜਿੱਤ ਗਏ। ਦੂਜੇ ਪਾਸੇ ਦਲਜੀਤ ਸਿੰਘ ਕਲਸੀ ਹੁਣ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਉਹ ਵੀ ਚੋਣ ਲੜਨ ਦੇ ਇੱਛੁਕ ਹਨ। ਇਸ ਸਬੰਧੀ ਕੁਝ ਸਮਾਂ ਪਹਿਲਾਂ ਚਰਚਾ ਵੀ ਹੋਈ ਸੀ। ਕਲਸੀ ਨੇ ਸੁਖਜਿੰਦਰ ਸਿੰਘ ਰੰਧਾਵਾ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ ਖਾਲੀ ਹੋਈ ਸੀਟ ਡੇਰਾ ਬਾਬਾ ਨਾਨਕ ਤੋਂ ਚੋਣ ਲੜਨ ਦਾ ਐਲਾਨ ਕੀਤਾ ਸੀ।

## ਨੋਇਡਾ ਤੋਂ ਲੇਡੀ ਡਾਨ ਕਾਜਲ ਖੱਤਰੀ ਗ੍ਰਿਫ਼ਤਾਰ, ਏਅਰਲਾਈਨ ਦੇ ਕਰੂ ਮੈਂਬਰ ਦਾ ਕਰਵਾਇਆ ਸੀ ਕਤਲ



**ਨਵੀਂ ਦਿੱਲੀ, 18 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਨੋਇਡਾ 'ਚ ਏਅਰਲਾਈਨ ਦੇ ਕਰੂ ਮੈਂਬਰ ਦੀ ਹੱਤਿਆ ਵਿਚ ਲੇਡੀ ਡਾਨ ਕਾਜਲ ਖੱਤਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਨੋਇਡਾ ਵਿਚ ਏਅਰਲਾਈਨਜ਼ ਵਿਚ ਚਾਲਕ ਦਲ ਦੇ ਮੈਂਬਰ ਵਜੋਂ ਕੰਮ ਕਰਨ ਵਾਲੇ ਸੂਰਜਮਾਨ ਦੀ ਜਨਵਰੀ 2024 ਵਿਚ ਇਕ ਸ਼ੂਟਰ ਭੇਜ ਕੇ ਹੱਤਿਆ ਕਰ ਦਿੱਤੀ ਗਈ ਸੀ। ਲੇਡੀ ਡਾਨ ਕਾਜਲ ਖੱਤਰੀ, ਜੋ ਕਿ ਨੋਇਡਾ ਅਤੇ ਦਿੱਲੀ ਪੁਲਸ ਨੂੰ ਲੋੜੀਂਦੀ ਸੀ, ਨੂੰ ਦਿੱਲੀ ਪੁਲਸ ਦੀ ਅਪਰਾਧ ਸ਼ਾਖਾ ਨੇ ਗ੍ਰਿਫਤਾਰ ਕਰ ਲਿਆ ਹੈ। ਕਾਜਲ ਖੱਤਰੀ ਜੇਲ੍ਹ ਵਿਚ ਬੰਦ ਬਦਨਾਮ ਗੈਂਗਸਟਰ ਕਪਿਲ ਮਾਨ ਦੀ ਪ੍ਰੇਮਿਕਾ ਹੈ। ਲੇਡੀ ਡਾਨ ਕਾਜਲ ਖੱਤਰੀ 'ਤੇ 25 ਹਜ਼ਾਰ ਰੁਪਏ ਦਾ ਇਨਾਮ ਸੀ। 19 ਜਨਵਰੀ 2024 ਨੂੰ ਏਅਰਲਾਈਨਜ਼ 'ਚ ਕੰਮ ਕਰਨ ਵਾਲੇ ਸੂਰਜਮਾਨ ਦੀ ਦੋ ਸ਼ੂਟਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਸੂਰਜਮਾਨ ਦਿੱਲੀ ਦੇ ਬਦਨਾਮ ਗੈਂਗਸਟਰ ਪਰਵੇਸ਼ ਮਾਨ ਦਾ ਭਰਾ ਸੀ। ਪਰਵੇਸ਼ ਦੀ ਬਦਨਾਮ ਗੈਂਗਸਟਰ ਕਪਿਲ ਮਾਨ ਨਾਲ ਲਗਾਤਾਰ ਦੁਸ਼ਮਣੀ ਚੱਲ ਰਹੀ ਸੀ। ਕਪਿਲ ਮਾਨ ਜੇਲ੍ਹ ਵਿਚ ਸੀ। ਇਸ ਲਈ ਉਸ ਨੇ ਸੂਰਜਮਾਨ ਨੂੰ ਮਾਰਨ ਦਾ ਕੰਮ ਆਪਣੀ ਪ੍ਰੇਮਿਕਾ ਅਤੇ ਲੇਡੀ ਡਾਨ ਕਾਜਲ ਨੂੰ ਦਿੱਤਾ ਸੀ। ਦਿੱਲੀ ਪੁਲਸ ਮੁਤਾਬਕ ਕਾਜਲ ਆਪਣੇ ਆਪ ਨੂੰ ਜੇਲ੍ਹ ਵਿਚ ਬੰਦ ਗੈਂਗਸਟਰ ਕਪਿਲ ਮਾਨ ਦੀ ਪਤਨੀ ਦੱਸਦੀ ਹੈ ਅਤੇ ਜੇਲ੍ਹ ਦੇ ਰਿਕਾਰਡ ਵਿਚ ਵੀ ਕਪਿਲ ਮਾਨ ਨੇ ਕਾਜਲ ਨੂੰ ਆਪਣੀ ਪਤਨੀ ਦੱਸਿਆ ਹੈ। ਪੁਲਸ ਮੁਤਾਬਕ ਪਰਵੇਸ਼ ਮਾਨ ਨੇ ਜੇਲ੍ਹ ਵਿਚ ਬੰਦ ਕਪਿਲ ਮਾਨ ਦੇ ਪਿਤਾ ਦਾ ਕਤਲ ਕਰਵਾਇਆ ਸੀ। ਇਸ ਦਾ ਬਦਲਾ ਕਪਿਲ ਨੇ ਪਰਵੇਸ਼ ਦੇ ਭਰਾ ਨੂੰ ਮਾਰ ਕੇ ਲਿਆ। ਪੁਲਸ ਮੁਤਾਬਕ ਕਾਜਲ ਕਪਿਲ ਦੇ ਪੂਰੇ ਗੈਂਗ ਨੂੰ ਚਲਾਉਂਦੀ ਹੈ। ਦਿੱਲੀ ਪੁਲਸ ਨੇ ਕਾਜਲ ਨੂੰ ਗ੍ਰਿਫਤਾਰ ਕਰਕੇ ਨੋਇਡਾ ਪੁਲਸ ਦੇ ਹਵਾਲੇ ਕਰ ਦਿੱਤਾ ਹੈ।

## ਪੰਜਾਬ ਵਿਚ ਵੱਡਾ ਧਮਾਕਾ, ਕੰਬ ਗਿਆ ਪੂਰਾ ਇਲਾਕਾ


**ਪਟਿਆਲਾ, 18 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪਟਿਆਲਾ ਦੇ ਜਗਤਾਰ ਨਗਰ ਵਿਚ ਉਸ ਵੇਲੇ ਹਾਲਾਤ ਭਿਆਨਕ ਬਣ ਗਏ ਜਦੋਂ ਇਕ ਘਰ ਵਿਚ ਜ਼ੋਰਦਾਰ ਧਮਾਕਾ ਹੋ ਗਿਆ। ਇਹ ਧਮਾਕਾ ਉਸ ਸਮੇਂ ਹੋਇਆ ਜਦੋਂ ਪੂਰਾ ਪਰਿਵਾਰ ਬੈਠ ਕੇ ਰੋਟੀ ਖਾ ਰਿਹਾ ਸੀ। ਜ਼ੋਰਦਾਰ ਧਮਾਕੇ ਨਾਲ ਪਰਿਵਾਰ ਅਤੇ ਆਂਢ ਗੁਆਂਢ ਦੇ ਲੋਕ ਸਹਿਮ ਗਏ। ਪਰਿਵਾਰ ਦੇ ਦੱਸਣ ਮੁਤਾਬਿਕ ਘਰ ਵਿਚ ਗੈਸ ਪਾਈਪ ਲਾਈਨ ਪੈ ਰਹੀ ਸੀ ਜਿਸਦੀ ਅਜੇ ਸ਼ੁਰੂਆਤ ਨਹੀਂ ਹੋਈ ਪਰ ਗੈਸ ਪਾਈਪ ਲਾਈਨ ਵਾਲੀ ਟੀਮ ਪੂਰੇ ਮੁਹੱਲੇ ਵਿਚ ਇਸ ਗੈਸ ਪਾਈਪ ਲਾਈਨ ਦਾ ਜਾਇਜ਼ਾ ਲੈ ਰਹੇ ਸੀ ਤਾਂ ਉਸੇ ਵੇਲੇ ਇਹ ਬਲਾਸਟ ਹੋ ਗਿਆ। ਦੱਸ ਦਈਏ ਕਿ ਪਹਿਲਾਂ ਘਰ ਵਿਚ ਖਾਣਾ ਬਣਾਉਣ ਲਈ ਆਮ ਗੈਸ ਸਿਲੰਡਰ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਹੁਣ TORET GAS ਕੰਪਨੀ ਵੱਲੋਂ ਇਸ ਪ੍ਰੋਜੇਕਟ ਨੂੰ ਲਿਆਂਦਾ ਗਿਆ ਹੈ, ਜੋ ਇਕ ਨੈਚੁਰਲ ਗੈਸ ਹੈ ਪਰ ਇਸ ਗੈਸ ਪਾਈਪ ਲਾਈਨ ਨਾਲ ਘਰ ਵਿਚ ਵੱਡਾ ਹਾਦਸਾ ਹੋਣ ਤੋਂ ਬਚਾਅ ਹੋਇਆ ਹੈ।

## ਪੰਜਾਬ 'ਚ ਝੋਨਾ ਲਾਉਣ 'ਤੇ ਲੱਗੇਗਾ ਬੈਨ ! 15 ਡਾਰਕ ਜ਼ੋਨਾਂ 'ਚ ਝੋਨਾ ਨਾ ਲਾਉਣ ਦਾ ਸਿਫਾਰਸ਼



**ਚੰਡੀਗੜ੍ਹ, 18 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਜ਼ਮੀਨ ਹੇਠਲੇ ਡਿੱਗਦੇ ਪਾਣੀ ਦੇ ਪੱਧਰ ਨੂੰ ਵੇਖਦਿਆਂ ਕੁਝ ਇਲਾਕਿਆਂ ਵਿੱਚ ਝੋਨੇ ਦੀ ਲੁਆਈ ਉਪਰ ਪਾਬੰਦੀ ਲੱਗ ਸਕਦੀ ਹੈ। ਸੂਬੇ ਵਿੱਚ 15 ਡਾਰਕ ਜ਼ੋਨ ਹਨ ਜਿੱਥੇ ਪਾਣੀ ਦਾ ਪੱਧਰ ਬੇਹੱਦ ਹੇਠਾਂ ਚਲਾ ਗਿਆ ਹੈ। ਇਨ੍ਹਾਂ ਇਲਾਕਿਆਂ ਅੰਦਰ ਝੋਨੇ ਦੀ ਲੁਆਈ ਉਪਰ ਬੈਨ ਲੱਗ ਸਕਦਾ ਹੈ। ਉਂਝ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਫੈਸਲਾ ਲੈਣਾ ਸੌਖਾ ਨਹੀਂ ਹੋਏਗਾ। ਦਰਅਸਲ ਪੰਜਾਬ ਸਰਕਾਰ ਨੇ ਸੂਬੇ ਦੀ ਪਹਿਲੀ ਖੇਤੀ ਨੀਤੀ-2023 ਦਾ ਖਰੜਾ ਜਾਰੀ ਕਰ ਦਿੱਤਾ ਹੈ। ਇਸ ਸਬੰਧੀ ਰਾਜ ਦੀਆਂ ਕਿਸਾਨ ਜਥੇਬੰਦੀਆਂ ਤੋਂ ਸੁਝਾਅ ਮੰਗੇ ਗਏ ਹਨ। ਖਰੜਾ ਜਾਰੀ ਕਰਨ ਦੇ ਨਾਲ-ਨਾਲ ਖੇਤੀ ਵਿੱਚ ਤਬਦੀਲੀਆਂ ਤੇ ਸੁਧਾਰਾਂ ਲਈ ਕੁਝ ਸਿਫ਼ਾਰਸ਼ਾਂ ਵੀ ਕੀਤੀਆਂ ਗਈਆਂ ਹਨ। ਇਸ ਤਹਿਤ ਹੀ ਪੰਜਾਬ ਰਾਜ ਕਿਸਾਨ ਕਮਿਸ਼ਨ ਦੇ ਚੇਅਰਮੈਨ ਤੇ ਖੇਤੀ ਵਿਗਿਆਨੀ ਡਾ. ਸੁਖਪਾਲ ਸਿੰਘ ਨੇ ਸੂਬੇ ਵਿੱਚ 15 ਡਾਰਕ ਜ਼ੋਨਾਂ ਵਿੱਚ ਝੋਨੇ ਦੀ ਬਿਜਾਈ 'ਤੇ ਮੁਕੰਮਲ ਪਾਬੰਦੀ ਲਾਉਣ ਦੀ ਸਿਫ਼ਾਰਸ਼ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਇਹ ਡਾਰਕ ਜ਼ੋਨ ਹਨ ਜਿੱਥੇ ਧਰਤੀ ਹੇਠਲੇ ਪਾਣੀ ਦਾ ਪੱਧਰ 400 ਤੋਂ 500 ਫੁੱਟ ਤੱਕ ਹੇਠਾਂ ਚਲਾ ਗਿਆ ਹੈ। ਝੋਨੇ ਦੀ ਬਿਜਾਈ ਕਾਰਨ ਕਿਸਾਨਾਂ ਨੂੰ ਵੱਡੇ ਪੱਧਰ 'ਤੇ ਪਾਣੀ ਦੇ ਸੰਕਟ ਦੇ ਨਾਲ-ਨਾਲ ਝਾੜ ਘਟਣ ਕਾਰਨ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਬਿਹਤਰ ਹੈ ਕਿ ਇਨ੍ਹਾਂ ਜ਼ੋਨਾਂ ਦੇ ਕਿਸਾਨ ਹੋਰ ਫ਼ਸਲਾਂ ਪੈਦਾ ਕਰਨ। ਖੇਤੀ ਨੀਤੀ ਦੇ ਖਰੜੇ ਵਿੱਚ ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਖੇਤੀ ਸੈਕਟਰ ਵਿੱਚ ਸਬਸਿਡੀ ਵਜੋਂ ਖਰਚੀ ਜਾ ਰਹੀ ਬਿਜਲੀ ਸਬਸਿਡੀ ਨੂੰ ਰੋਕਣ ਲਈ ਤੁਰੰਤ ਕਦਮ ਚੁੱਕੇ ਜਾਣ। ਦਰਅਸਲ ਸੂਬੇ ਵਿੱਚ 14 ਲੱਖ ਖੇਤੀ ਪੰਪਸੈੱਟ ਹਨ ਜਿਨ੍ਹਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ। ਸਲਾਨਾ ਦਿੱਤੀ ਜਾਣ ਵਾਲੀ 10,000 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਨੂੰ ਖਤਮ ਕਰਨ ਵੱਲ ਇਸ਼ਾਰਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਚਾਇਤੀ ਜ਼ਮੀਨਾਂ 'ਤੇ ਝੋਨੇ ਦੀ ਕਾਸ਼ਤ ਨਾ ਕਰਨ ਲਈ ਵੀ ਕਿਹਾ ਗਿਆ ਹੈ। ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਜ਼ਿਆਦਾ ਪਾਣੀ ਲੈਣ ਵਾਲੀਆਂ ਫ਼ਸਲਾਂ ਦੇ ਬਜਾਏ ਬਦਲਵੀਆਂ ਫ਼ਸਲਾਂ ਦੀ ਬਿਜਾਈ ਕੀਤੀ ਜਾਵੇ ਤੇ ਸਾਰੀਆਂ ਫਸਲਾਂ ਉਪਰ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇ। ਨਵੀਂ ਖੇਤੀ ਨੀਤੀ ਤਹਿਤ ਰਾਜ ਸਰਕਾਰ ਨੂੰ ਕਿਹਾ ਗਿਆ ਹੈ ਕਿ ਕੇਂਦਰ ਤੱਕ ਪਹੁੰਚ ਕੀਤੀ ਜਾਏ ਤੇ ਕਿਸਾਨਾਂ ਨੂੰ ਨਾ ਸਿਰਫ਼ ਘੱਟੋ-ਘੱਟ ਸਮਰਥਨ ਮੁੱਲ ਦੇਣਾ ਯਕੀਨੀ ਬਣਾਇਆ ਜਾਏ ਸਗੋਂ ਉਚਿਤ ਮੁੱਲ ਵੀ ਦਿੱਤਾ ਜਾਏ। ਇਸ ਦੇ ਨਾਲ ਹੀ ਜੇਕਰ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਨਹੀਂ ਮਿਲਦਾ, ਤਾਂ ਘੱਟੋ-ਘੱਟ ਸਮਰਥਨ ਮੁੱਲ ਤੇ ਅਸਲ ਕੀਮਤ ਵਿਚਕਾਰ ਵਿੱਤੀ ਪਾੜੇ ਨੂੰ ਪੂਰਾ ਕਰਨ ਲਈ 1,000 ਕਰੋੜ ਰੁਪਏ ਦਾ ਫੰਡ ਬਣਾਇਆ ਜਾਵੇ। ਇਸ ਦੇ ਨਾਲ ਹੀ ਕਿਹਾ ਗਿਆ ਹੈ ਕਿ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਆਮਦਨ ਵਿੱਚ ਵਾਧਾ ਕੀਤਾ ਜਾਵੇ। ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਚੰਡੀਗੜ੍ਹ-ਜੈਪੁਰ ਕੋਰੀਡੋਰ ਨੂੰ ਕਾਂਡਲਾ ਬੰਦਰਗਾਹ ਨਾਲ ਜੋੜਨ ਦੇ ਉਦੇਸ਼ ਨਾਲ ਜ਼ੀਰਕਪੁਰ ਤੇ ਮੋਹਾਲੀ ਨੂੰ ਪੰਜਾਬ, ਜੰਮੂ-ਕਸ਼ਮੀਰ, ਲੱਦਾਖ, ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਹੋਰ ਰਾਜਾਂ ਦੇ ਫਲਾਂ ਤੇ ਸਬਜ਼ੀਆਂ ਦੇ ਮੰਡੀਕਰਨ ਲਈ ਮਾਰਕੀਟ ਹੱਬ ਵਜੋਂ ਵਿਕਸਤ ਕੀਤਾ ਜਾਣਾ ਚਾਹੀਦਾ ਹੈ।

## ਬੰਬੀਹਾ ਤੇ ਲਾਰੈਂਸ ਗੈਂਗ ਭਿੜੇ ! ਬੰਬੀਹਾ ਗੈਂਗ ਦੇ ਬੰਦਿਆਂ ਨੇ ਯੂਕੇ 'ਚ ਕਰ ਦਿੱਤਾ ਵੱਡਾ ਐਕਸ਼ਨ



**ਲੰਦਨ, 18 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਤੋਂ ਸ਼ੁਰੂ ਹੋਈ ਗੈਂਗਵਾਰ ਵਿਦੇਸ਼ਾਂ ਤੱਕ ਪਹੁੰਚ ਗਈ ਹੈ। ਬੰਬੀਹਾ ਗੈਂਗ ਤੇ ਲਾਰੈਂਸ ਬਿਸ਼ਨੋਈ ਗੈਂਗ ਹੁਣ ਵਿਦੇਸ਼ਾਂ ਵਿੱਚ ਆਹਮੋ-ਸਾਹਮਣੇ ਹੋ ਰਹੇ ਹਨ। ਤਾਜ਼ਾ ਜਾਣਕਾਰੀ ਸਾਹਮਣੇ ਆਈ ਹੈ ਕਿ ਯੂਕੇ (ਇੰਗਲੈਂਡ) ਵਿੱਚ ਬੰਬੀਹਾ ਗੈਂਗ ਦੇ ਬੰਦਿਆਂ ਨੇ ਲਾਰੈਂਸ ਬਿਸ਼ਨੋਈ ਦੇ ਨਜ਼ਦੀਕੀ ਲੁਧਿਆਣਾ ਨਿਵਾਸੀ ਅਮਨ ਬਨਵੈਤ ਦੀਆਂ ਲਗਜ਼ਰੀ ਗੱਡੀਆਂ ਨੂੰ ਅੱਗ ਲਾ ਦਿੱਤੀ। ਬੰਬੀਹਾ ਗੈਂਗ ਦੇ ਗੈਂਗਸਟਰ ਨੇ ਯੂਕੇ ਵਿੱਚ ਵਾਪਰੀ ਇਸ ਘਟਨਾ ਦੀ ਖੁੱਲ੍ਹੇਆਮ ਜ਼ਿੰਮੇਵਾਰੀ ਲਈ ਹੈ। ਬੰਬੀਹਾ ਗੈਂਗ ਦੇ ਮੈਂਬਰਾਂ ਨੇ ਕਿਹਾ ਹੈ ਕਿ ਜੋ ਕੋਈ ਵੀ ਉਨ੍ਹਾਂ ਦੇ ਦੁਸ਼ਮਣ ਦਾ ਸਾਥ ਦੇਵੇਗਾ, ਉਸ ਦਾ ਇਹੀ ਹਾਲ ਹੋਏਗਾ। ਦਰਅਸਲ ਅਪਰਾਧ ਜਗਤ ਵਿੱਚ ਚਰਚਾ ਹੈ ਕਿ ਬੰਬੀਹਾ ਗੈਂਗ ਨਾਲ ਜੁੜੇ ਹਰਿਆਣੇ ਦੇ ਗੈਂਗਸਟਰ ਕੌਸ਼ਲ ਚੌਧਰੀ ਦੇ ਬੰਦਿਆਂ ਵੱਲੋਂ ਇੰਗਲੈਂਡ ਦੇ ਇੱਕ ਕਾਰੋਬਾਰੀ ਦੇ ਘਰ 'ਤੇ ਹਮਲਾ ਕੀਤਾ ਗਿਆ ਹੈ। ਕੌਸ਼ਲ ਚੌਧਰੀ ਗੈਂਗ ਨੇ ਸੋਸ਼ਲ ਮੀਡੀਆ 'ਤੇ ਪੋਸਟ ਸ਼ੇਅਰ ਕਰਕੇ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਹੈ। ਦੱਸ ਦਈਏ ਕਿ ਗੈਂਗਸਟਰ ਕੌਸ਼ਲ ਚੌਧਰੀ ਹਰਿਆਣਾ ਦੇ ਗੁਰੂਗ੍ਰਾਮ ਦਾ ਰਹਿਣ ਵਾਲਾ ਹੈ। ਉਹ ਪੰਜਾਬ ਦੇ ਬੰਬੀਹਾ ਗੈਂਗ ਨਾਲ ਜੁੜਿਆ ਹੋਇਆ ਹੈ। ਦੋਵੇਂ ਗੈਂਗਾਂ ਦੇ ਮੈਂਬਰ ਇੱਕ ਦੂਜੇ ਲਈ ਕੰਮ ਕਰਦੇ ਹਨ। ਸੂਤਰਾਂ ਮੁਤਾਬਕ ਕੌਸ਼ਲ ਚੌਧਰੀ ਗੈਂਗ ਨੇ ਜੱਗੂ ਭਗਵਾਨਪੁਰੀਆ ਤੇ ਲਾਰੈਂਸ ਦੇ ਕਰੀਬੀ ਸੰਦੀਪ ਨੰਗਲ ਅੰਬੀਆਂ ਦਾ ਕਤਲ ਕੀਤਾ ਸੀ। ਇਸ ਦੇ ਨਾਲ ਹੀ ਲਾਰੈਂਸ ਗੈਂਗ ਨੇ ਬੰਬੀਹਾ ਗਰੁੱਪ ਦੇ ਕਰੀਬੀ ਜਾਣੇ ਜਾਂਦੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਕੌਸ਼ਲ ਚੌਧਰੀ ਦੇ ਗੈਂਗਸਟਰਾਂ ਨੇ ਇੰਗਲੈਂਡ 'ਚ ਕਾਰੋਬਾਰੀ ਅਮਨ ਬਨਵੈਤ (ਲੁਧਿਆਣਾ) ਦੇ ਘਰ ਦੇ ਬਾਹਰ ਖੜ੍ਹੀਆਂ ਲਗਜ਼ਰੀ ਗੱਡੀਆਂ ਨੂੰ ਅੱਗ ਲਾ ਦਿੱਤੀ ਤੇ ਕਾਫੀ ਭੰਨਤੋੜ ਕੀਤੀ। ਇਹ ਘਟਨਾ ਇੰਗਲੈਂਡ ਦੇ ਵਿਟਲੇ ਕ੍ਰੈਸੈਂਟ ਵਿੱਚ ਵਾਪਰੀ। ਉੱਤਰੀ ਭਾਰਤ ਵਿੱਚ ਗੈਂਗਸਟਰ ਕੌਸ਼ਲ ਖ਼ਿਲਾਫ਼ ਕਤਲ, ਕਤਲ ਦੀ ਕੋਸ਼ਿਸ਼, ਜਬਰੀ ਵਸੂਲੀ, ਲੁੱਟ-ਖੋਹ ਵਰਗੇ ਦਰਜਨਾਂ ਗੰਭੀਰ ਮਾਮਲੇ ਦਰਜ ਹਨ। ਇਨ੍ਹਾਂ ਮਾਮਲਿਆਂ ਵਿੱਚ ਕੌਸ਼ਲ ਖ਼ਿਲਾਫ਼ ਵੱਖ-ਵੱਖ ਅਦਾਲਤਾਂ ਵਿੱਚ ਸੁਣਵਾਈ ਚੱਲ ਰਹੀ ਹੈ। ਦੱਸ਼ ਦਈਏ ਕਿ ਪੰਜਾਬ ਦੇ ਗੈਂਗਸਟਰ ਦਵਿੰਦਰ ਬੰਬੀਹਾ ਦੇ ਕਤਲ ਤੋਂ ਬਾਅਦ ਕੌਸ਼ਲ ਚੌਧਰੀ ਗੈਂਗ ਦੀ ਕਮਾਨ ਸੰਭਾਲ ਰਿਹਾ ਹੈ। ਉਹ ਪਹਿਲਾਂ ਵੀ ਪੰਜਾਬ ਵਿੱਚ ਲਾਰੈਂਸ ਦੇ ਕਈ ਸਾਥੀਆਂ ਨੂੰ ਮਾਰ ਚੁੱਕਾ ਹੈ। ਇਸ ਕਾਰਨ ਲਾਰੈਂਸ ਬਿਸ਼ਨੋਈ ਤੇ ਕੌਸ਼ਲ ਚੌਧਰੀ ਇੱਕ-ਦੂਜੇ ਦੇ ਕੱਟੜ ਦੁਸ਼ਮਨ ਹਨ। ਸੋਸ਼ਲ ਮੀਡੀਆ 'ਤੇ ਗੈਂਗਸਟਰ ਕੌਸ਼ਲ ਚੌਧਰੀ ਦੇ ਨਾਂ 'ਤੇ ਇੱਕ ਪੋਸਟਰ ਪਾਇਆ ਗਿਆ ਤੇ ਲਿਖਿਆ, ਆਪਣੇ ਸਾਰੇ ਭਰਾਵਾਂ ਨੂੰ ਰਾਮ ਰਾਮ। ਅੱਜ ਕੌਸ਼ਲ ਚੌਧਰੀ ਗਰੁੱਪ ਵੱਲੋਂ ਅਮਨ ਬਨਵੈਤ ਦੇ ਇੰਗਲੈਂਡ ਸਥਿਤ ਘਰ ਗੱਡੀਆਂ ਨੂੰ ਅੱਗ ਲਗਾ ਦਿੱਤੀ ਗਈ। ਜੋ ਵੀ ਸਾਡੀ ਵਿਰੋਧੀ ਧਿਰ ਵਿੱਚ ਸ਼ਾਮਲ ਹੋਵੇਗਾ, ਉਸ ਨੂੰ ਭਾਰਤ ਤਾਂ ਛੱਡੋ, ਅਸੀਂ ਬਾਹਰ ਵੀ ਨਹੀਂ ਛੱਡਾਂਗੇ। ਜੈ ਬਾਬਾ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਣ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ


| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਨਾਮ ਜਪੋ / ਕਿਰਤ ਕਰੋ / ਵੰਡ ਛੱਕੋ
Naam Japo / Kirat Karo / Vand Shako
ਦਮਦਮੀ ਟਕਸਾਲ — ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net

## ਆਵਾਜ਼ਿ ਕੌਮ
Daily Newspaper from U.K.


Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 HOURS SERVICE EVERYDAY
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
**Khehra VAISHNO DHABA**
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


## ਪੰਜਾਬੀ
## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ / ਾ ਕੰਨਾ / ਿ ਸਿਹਾਰੀ / ੀ ਬਿਹਾਰੀ
ੁ ਔਂਕੜ / ੂ ਦੁਲੈਂਕੜ / ੇ ਲਾਂ / ੈ ਦੁਲਾਵਾਂ
ੋ ਹੋੜਾ / ੌ ਕਨੌੜਾ / ੰ ਟਿੱਪੀ / ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
**Learn Speak Read Write PUNJABI**



ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ-ਧੰਨ
ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ
ਖਾਲਸਾ
ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470




ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ
ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ
ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ
ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446




ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715128621




# • ਪੁਰਜ਼ੋਰ ਅਪੀਲ •

ਦੇਸ਼ ਵਿਦੇਸ਼ ਵਿੱਚ ਵੱਸਦੀ ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤੀ ਹਕੂਮਤ ਦੇ ਹੁਕਮਾਂ ਤੇ ਸਿੱਖਾਂ ਦੇ ਪਾਵਨ ਪਵਿੱਤਰ ਅਸਥਾਨ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੇ ਧਾੜਵੀ ਬਣਕੇ ਆਕੇ ਟੈਂਕਾਂ ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਜਰਨਲ ਵੈਦਿਆ ਨੂੰ ਸੋਧਾ ਲਾਕੇ ਸਿੱਖ ਕੌਮ ਦੀ ਡਿੱਗੀ ਪੱਗ ਸਿਰ ਤੇ ਰੱਖਣ ਵਾਲੇ ਸੂਰਬੀਰ ਯੋਧੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਜੀ ਦੀ 32ਵੀਂ ਬਰਸੀ ਉਹਨਾਂ ਦੇ ਜੱਦੀ ਪਿੰਡ ਗੱਦਲੀ, ਜਿਲਾ ਅੰਮ੍ਰਿਤਸਰ ਵਿਖੇ 9 ਅਕਤੂਬਰ 2024 ਨੂੰ ਮਨਾਈ ਜਾ ਰਹੀ ਹੈ। ਆਪ ਸਭ ਨੇ ਆਪਣੇਂ ਕੀਮਤੀ ਰੁਝੇਵਿਆਂ ਚੋਂ ਸਮਾਂ ਕੱਢ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਬੇਨਤੀ ਕਰਤਾ :-

## ਭਾਈ ਭੁਪਿੰਦਰ ਸਿੰਘ ਗੱਦਲੀ

(ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ)






# ਗੁਰਦੁਆਰਾ ਸ਼ਹੀਦਾਂ, ਜੱਸੋਵਾਲ (ਬੱਬਰਾਂ ਦਾ ਹਾਈਕੋਰਟ) ਵਿਖੇ ਸਲਾਨਾ ਜੋੜ ਮੇਲਾ 3 ਨਵੰਬਰ, 2024 ਦਿਨ ਐਤਵਾਰ ਨੂੰ

ਗੁਰਦੁਆਰਾ ਸ਼ਹੀਦਾਂ ਜਸੋਵਾਲ ਬੱਬਰਾਂ ਦੇ ਹਾਈ ਕੋਰਟ ਜਥੇਦਾਰ ਬਾਬਾ ਲਾਭ ਸਿੰਘ ਜੀ ਬੱਬਰ ਜਿਨ੍ਹਾਂ ਨੇ 20 ਸਾਲ ਕਾਲੇ ਪਾਣੀਆਂ ਦੀ ਸਜ਼ਾ ਕੱਟੀ ਅੰਗਰੇਜ਼ਾਂ ਦੇ ਟਾਈਮ ਵਿੱਚ ਇੱਥੇ ਬੱਬਰਾਂ ਨੇ ਪ੍ਰੈਸ ਅਖਬਾਰ ਚਲਾਇਆ ਹੋਇਆ ਸੀ ਇੱਥੋਂ ਬੱਬਰ ਹੁਕਮਨਾਮੇ ਜਾਰੀ ਕਰਦੇ ਸਨ ਜੋ ਦੇਸ਼ ਪੰਥ ਨਾਲ ਗਦਾਰੀ ਕਰਦਾ ਹੈ ਅੰਗਰੇਜ਼ਾਂ ਦੇ ਝੋਲੀ ਚੁੱਕ ਸਨ ਉਸ ਨੂੰ ਚਾਟਾ ਛਕਾਇਆ ਜਾਵੇ ਜਿਹੜਾ ਪੰਥ ਕੋਲੋਂ ਮਾਫੀ ਮੰਗ ਲੈਂਦਾ ਸੀ ਉਸ ਨੂੰ ਭੁੱਲ ਬਖਸ਼ਾਉਣ ਦਾ ਮੌਕਾ ਵੀ ਦਿੱਤਾ ਜਾਂਦਾ ਸੀ। ਜਿਸ ਜਗ੍ਹਾ ਦੇ ਉੱਪਰ ਗੁਰਦੁਆਰਾ ਸ਼ਹੀਦਾਂ ਦੀ ਸੇਵਾ ਚੱਲ ਰਹੀ ਹੈ ਇੱਥੇ ਹੀ ਬੱਬਰਾਂ ਦਾ ਹਾਈ ਕੋਰਟ ਤੇ ਪ੍ਰੈਸ ਅਖਬਾਰ ਚਲਦੀ ਸੀ ਮੇਰੀ ਸੱਸ ਮਾਂ ਮਾਤਾ ਸਵਰਨ ਕੌਰ ਨੇ ਬਹੁਤ ਲੰਮਾ ਸਮਾਂ ਇੱਥੇ ਸੇਵਾ ਕੀਤੀ ਇਸ ਸਥਾਨ ਨੂੰ ਚਲਾਉਣ ਵਾਸਤੇ ਬਹੁਤ ਵੱਡਾ ਸਹਿਯੋਗ ਦਿੱਤਾ ਮਾਤਾ ਸਵਰਨ ਕੌਰ ਦੇ ਸਮੁੱਚੇ ਪਰਿਵਾਰ ਨੇ ਬਹੁਤ ਵੱਡਾ ਸਾਥ ਦਿੱਤਾ। ਵਿਸ਼ੇਸ਼ ਤੌਰ ਤੇ ਬੀਬੀ ਗੁਰਦੇਵ ਕੌਰ ਸਰਦਾਰ ਤਰਸੇਮ ਸਿੰਘ ਕਨੇਡਾ ਨਿਵਾਸੀ ਦੇ ਸਮੁੱਚੇ ਪਰਿਵਾਰ ਨੇ ਬਹੁਤ ਸਹਿਯੋਗ ਦਿੱਤਾ ਅਤੇ ਦੇ ਰਹੇ ਹਨ ਤਿੰਨ ਨਵੰਬਰ ਨੂੰ ਜਥੇਦਾਰ ਬਾਬਾ ਲਾਭ ਸਿੰਘ ਜੀ ਬੱਬਰ ਜਥੇਦਾਰ ਬਾਬਾ ਖੜਕ ਸਿੰਘ ਜੀ ਨਿਹੰਗ ਸਿੰਘ ਮਾਤਾ ਹਰਬੰਸ ਕੌਰ ਜੀ ਸੱਸ ਮਾਂ ਮਾਤਾ ਸਵਰਨ ਕੌਰ ਦੀ ਯਾਦ ਵਿੱਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਗੁਰਪੁਰਬ ਤੇ ਧੰਨ ਧੰਨ ਖਾਲਸੇ ਦੀ ਮਾਤਾ ਮਾਤਾ ਸਾਹਿਬ ਕੌਰ ਜੀ ਦੀ ਜਨਮ ਦਿਨ ਨੂੰ ਸਮਰਪਿਤ 28ਵਾਂ ਸਲਾਨਾ ਗੁਰਮਤ ਸਮਾਗਮ 22 ਅਕਤੂਬਰ ਤੋਂ ਲੈ ਕੇ ਤਿੰਨ ਨਵੰਬਰ ਦਿਨ ਐਤਵਾਰ ਨੂੰ ਵਿਸ਼ੇਸ਼ ਵੱਡਾ ਸਮਾਗਮ ਕੀਤਾ ਜਾ ਰਿਹਾ ਹੈ। 3 ਦਿਨ ਚਾਹ ਪਕੌੜਿਆਂ ਦਾ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ਕਈ ਚੈਨਲਾਂ ਉੱਪਰ ਸਿੱਧਾ ਲਾਈਵ ਦਿਖਾਇਆ ਜਾਵੇਗਾ।

-ਗੁਰੂ ਗ੍ਰੰਥ ਗੁਰੂ ਪੰਥ ਦਾ ਦਾਸ

**-ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਦਮਦਮੀ ਟਕਸਾਲ ਭਿੰਡਰਾਂ ਵਾਲੇ**






ਆਵਾਜ਼ਿ ਕੌਮ AWAZE QAUM International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## 450 ਸਾਲਾ ਸ਼ਤਾਬਦੀ ਜੋੜ ਮੇਲਾ ਸ੍ਰੀ ਗੋਇੰਦਵਾਲ ਸਾਹਿਬ ਬੁਉਲੀ ਸਾਹਿਬ ਜੀ



☛ ਜੋਤੀ ਜੋਤ ਧੰਨ ਧੰਨ ਸ਼੍ਰੀ ਗੁਰੂ ਅਮਰਦਾਸ ਸਾਹਿਬ ਜੀ । ☛ ਗੁਰਿਆਈ ਗੱਦੀ ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

ਸ਼ਨਿੱਚਰਵਾਰ 21 ਸਤੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 22 ਸਤੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ ਗਿਆਨੀ ਸੁਰਜੀਤ ਸਿੰਘ ਖੰਡੇਵਾਲੇ ਕਥਾ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਸਟਾਲ ਵੀ ਲੱਗਣਗੇ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

## ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਗੁਰਤਾ ਗੱਦੀ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਜੋਤੀ ਜੋਤਿ 450 ਸਾਲਾ ਸ਼ਤਾਬਦੀ ਨੂੰ ਸਮਰਪਿਤ

# ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ



**ਜੰਡਿਆਲਾ ਗੁਰੂ, 18 ਸਤੰਬਰ ( ਕੁਲਵੰਤ ਸਿੰਘ ਵਿਰਦੀ)**-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਜੋਤੀ-ਜੋਤਿ ਦਿਵਸ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਸੰਗੀਤ ਫਹਿਤ ਅਕੈਡਮੀ ਦੇ ਮੁੱਖ ਸੰਚਾਲਕ ਬਾਬਾ ਹਰੀ ਸਿੰਘ ਜੀ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਜੰਡਿਆਲਾ ਗੁਰੂ ਵਿਖੇ ਫੁੱਲਾਂ ਨਾਲ ਸੱਜੀ ਪਾਲਕੀ ਸਾਹਿਬ ਵਿੱਚ ਸ਼ਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਨਗਰ ਕੀਰਤਨ ਵਿੱਚ ਅੱਗੇ ਸੇਵਾਦਾਰਾਂ ਵੱਲੋਂ ਸਫ਼ਾਈ ਅਤੇ ਜਲ ਦੀ ਸੇਵਾ ਕੀਤੀ ਗਈ ਨਗਰ ਕੀਰਤਨ ਦੀ ਸ਼ੋਭਾ ਵਾਸਤੇ ਆਰਮੀ ਬੈਂਡ ਨਾਲ ਸਵਾਗਤ ਕੀਤਾ ਗਿਆ ਸੰਗਤਾਂ ਵੱਲੋਂ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦੇ ਜਾਪ ਕੀਤੇ ਗਏ ਅਤੇ ਤਰਨਤਾਰਨ ਰੋਡ ਤੇ ਸਥਿਤ ਡਿੰਪੀ ਇਲੈਕਟ੍ਰਾਨਿਕ ਦੀ ਦੁਕਾਨ ਤੇ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ ਟੀ ਓ ਸਤਿੰਦਰ ਸਿੰਘ, ਅਤੇ ਸਹਿਰੀ ਪ੍ਰਧਾਨ ਸਰਬਜੀਤ ਸਿੰਘ ਡਿੰਪੀ ਵੱਲੋਂ ਪੰਜਾਂ ਪਿਆਰਿਆਂ ਨੂੰ ਸਿਰੋਪਾਓ ਭੇਂਟ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਗਿਆ ਅਤੇ ਸੰਗਤਾਂ ਨੂੰ ਬਿਸਕੁਟਾਂ ਦਾ ਪ੍ਰਸ਼ਾਦਿ ਵੰਡਿਆ ਗਿਆ ਅਤੇ ਨਗਰ ਕੀਰਤਨ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸ਼ੇਖ਼ਫੱਤਾ ਗੇਟ ਤੋਂ ਪਟੇਲ ਨਗਰ, ਅਜੀਤ ਸਿੰਘ ਮਲਹੋਤਰਾ ਦੇ ਕਾਰਖਾਨੇ ਤੋਂ ਠਠਿਆਰਾਂ ਵਾਲਾ ਬਜਾਰ, ਗੁਰਦੁਆਰਾ ਸਿੰਘ ਸਭਾ ਭਾਈ ਘਨ੍ਹਈਆ ਜੀ ਕਸ਼ਮੀਰੀਆ ਵਾਲਾ ਬਜਾਰ ਤੋਂ ਸ਼ੇਖ਼ਫੱਤਾ ਗੇਟ ਤੋਂ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਤੋਂ ਦੁਸਿਹਰਾ ਗਰਾਊਂਡ ਵੈਰੋਵਾਲ ਰੋਡ ਤੋਂ ਹੁੰਦਾ ਹੋਇਆ ਲੋਹ ਲੰਗਰ ਸ਼੍ਰੀ ਗੁਰੂ ਅਮਰਦਾਸ ਜੀ ਵਿਖੇ ਪਹੁੰਚਿਆ ਜਿੱਥੇ ਲੋਹ ਲੰਗਰ ਦੇ ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ ਜੀ ਪ੍ਰਬੰਧਕ ਕਮੇਟੀ ਵੱਲੋਂ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਜੀ ਭੇਟ ਕੀਤੀ ਅਤੇ ਗੁਰੂ ਸਾਹਿਬ ਜੀ ਦੀ ਗੋਦ ਵਿੱਚ ਬੈਠੇ ਭਾਈ ਸਾਹਿਬ ਜੀ ਨੂੰ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ ਅਤੇ ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਗਏ ਨਗਰ ਕੀਰਤਨ ਦਾ ਵੱਖ ਵੱਖ ਪੜਾਵਾਂ ਤੇ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਇਸ ਮੌਕੇ ਤੇ ਜੰਡਿਆਲਾ ਗੁਰੂ ਸ਼ਹਿਰ ਵਾਸੀਆਂ ਵੱਲੋਂ ਸੰਗਤਾਂ ਵਾਸਤੇ ਵੱਖ ਪਦਾਰਥਾਂ ਦੇ ਲੰਗਰ ਲਗਾਏ ਗਏ ਅਤੇ ਸ਼ਾਮ ਢਲਦਿਆਂ ਹੋਇਆਂ ਗੁਰਦੁਆਰਾ ਸੰਗੀਤ ਫਹਿਤ ਅਕੈਡਮੀ ਵਿਖੇ ਸਮਾਪਤ ਹੋਇਆ। ਅਤੇ ਸਮਾਪਤੀ ਮੌਕੇ ਬਾਬਾ ਹਰੀ ਸਿੰਘ ਜੀ ਵੱਲੋਂ ਸਮੂਹ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਧੰਨਵਾਦ ਕੀਤਾ ਗਿਆ।

## ਆਗਰਾ ਕੋਰਟ 'ਚ ਕੰਗਨਾ ਰਣੌਤ ਖਿਲਾਫ ਦੇਸ਼ ਧ੍ਰੋਹ ਤੇ ਅਪਮਾਨ ਮਾਮਲੇ ਦੀ

# ਅਗਲੀ ਸੁਣਵਾਈ 25 ਸੰਤਬਰ ਨੂੰ, ਕਿਸਾਨੀ ਮੋਰਚੇ ਵਿਰੁੱਧ ਦਿੱਤੇ ਬਿਆਨ ਕਰਕੇ ਦਰਜ਼ ਹੋਇਆ ਹੈ ਮਾਮਲਾ



ਨਵੀਂ ਦਿੱਲੀ 18 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):- ਅਭਿਨੇਤਰੀ ਅਤੇ ਭਾਜਪਾ ਸੰਸਦ ਕੰਗਨਾ ਰਣੌਤ ਦੇ ਖਿਲਾਫ ਦਾਇਰ ਸ਼ਿਕਾਇਤ 'ਚ ਮੰਗਲਵਾਰ ਨੂੰ ਆਗਰਾ ਅਦਾਲਤ ਅੰਦਰ ਬਿਨੈਕਾਰ ਐਡਵੋਕੇਟ ਰਮਾਸ਼ੰਕਰ ਸ਼ਰਮਾ ਦਾ ਬਿਆਨ ਨਹੀਂ ਲਿਆ ਜਾ ਸਕਿਆ ਜਿਸ ਕਰਕੇ ਆਗਰਾ ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਲਈ 25 ਸਤੰਬਰ ਦੀ ਤਰੀਕ ਤੈਅ ਕੀਤੀ ਹੈ। ਬਿਨੈਕਾਰ/ਸੀਨੀਅਰ ਐਡਵੋਕੇਟ ਰਮਾਸ਼ੰਕਰ ਸ਼ਰਮਾ ਨੇ ਅਭਿਨੇਤਰੀ ਅਤੇ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਵਿਰੁੱਧ ਅਦਾਲਤ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ। ਇਸ ਵਿੱਚ ਉਨ੍ਹਾਂ ਨੇ ਸੰਸਦ ਮੈਂਬਰ ਵੱਲੋਂ ਕਿਸਾਨਾਂ ਬਾਰੇ ਦਿੱਤੇ ਬਿਆਨ ਨੂੰ ਲੈ ਕੇ ਦੋਸ਼ ਲਾਏ ਸਨ। ਉਨ੍ਹਾਂ ਕਿਹਾ ਕਿ 26 ਅਗਸਤ 2024 ਨੂੰ ਬਿਨੈਕਾਰ ਅਤੇ ਸਾਥੀ ਵਕੀਲਾਂ ਨੇ ਦੇਸ਼ ਦੇ ਟੀਵੀ ਚੈਨਲਾਂ 'ਤੇ ਖ਼ਬਰਾਂ ਸੁਣੀਆਂ ਅਤੇ ਵੇਖੀਆਂ ਅਤੇ 27 ਅਗਸਤ 2024 ਨੂੰ ਆਗਰਾ ਦੇ ਰੋਜ਼ਾਨਾ ਅਖ਼ਬਾਰਾਂ ਵਿੱਚ ਛਪੀਆਂ ਖ਼ਬਰਾਂ ਪੜ੍ਹੀਆਂ। ਜਿਸ ਵਿੱਚ ਹਿਮਾਚਲ ਪ੍ਰਦੇਸ਼ ਮੰਡੀ ਤੋਂ ਭਾਜਪਾ ਦੀ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਨੇ ਦਿੱਲੀ ਵਿੱਚ ਕਿਸਾਨਾਂ ਦੇ ਪ੍ਰਦਰਸ਼ਨ ਨੂੰ ਲੈ ਕੇ ਬਿਆਨ ਦਿੱਤਾ ਸੀ। 13 ਸਤੰਬਰ ਨੂੰ ਅਭਿਨੇਤਰੀ ਅਤੇ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਖਿਲਾਫ ਮਾਮਲਾ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਵਿਸ਼ੇਸ਼ ਅਦਾਲਤ ਦੇ ਐਮਪੀਐਮਐਲਏ ਅਨੁਜ ਕੁਮਾਰ ਸਿੰਘ ਨੇ ਬਿਨੈਕਾਰ ਦੇ ਬਿਆਨ ਲਈ 17 ਸਤੰਬਰ ਦੀ ਤਰੀਕ ਤੈਅ ਕੀਤੀ ਸੀ। ਬਿਨੈਕਾਰ/ਸੀਨੀਅਰ ਐਡਵੋਕੇਟ ਰਮਾਸ਼ੰਕਰ ਸ਼ਰਮਾ ਨੇ ਸ਼ਿਕਾਇਤ ਦਾਇਰ ਕਰਦਿਆਂ ਕਿਹਾ ਸੀ ਕਿ ਉਹ ਇੱਕ ਕਿਸਾਨ ਦਾ ਪੁੱਤਰ ਹੈ ਅਤੇ ਵਕੀਲ ਬਣਨ ਤੋਂ ਪਹਿਲਾਂ ਕਰੀਬ 30 ਸਾਲ ਤੱਕ ਖੇਤੀਬਾੜੀ ਵਿੱਚ ਕੰਮ ਕਰਦਾ ਸੀ। ਦੇਸ਼ ਦੇ ਕਿਸਾਨਾਂ ਪ੍ਰਤੀ ਪੂਰੀ ਸ਼ਰਧਾ ਅਤੇ ਸਤਿਕਾਰ ਰੱਖਣ ਲਈ ਕਿਹਾ ਗਿਆ ਕਿ 26 ਅਗਸਤ 2024 ਨੂੰ ਬਿਨੈਕਾਰ ਅਤੇ ਸਾਥੀ ਵਕੀਲਾਂ ਨੇ ਦੇਸ਼ ਦੇ ਟੀਵੀ ਚੈਨਲਾਂ 'ਤੇ ਖਬਰਾਂ ਸੁਣੀਆਂ ਅਤੇ ਵੇਖੀਆਂ ਅਤੇ ਆਗਰਾ ਦੇ ਰੋਜ਼ਾਨਾ ਅਖਬਾਰਾਂ ਵਿੱਚ ਛਪੀਆਂ ਖਬਰਾਂ ਪੜ੍ਹੀਆਂ। 27 ਅਗਸਤ 2024 ਜਿਸ ਵਿੱਚ ਹਿਮਾਚਲ ਪ੍ਰਦੇਸ਼ ਮੰਡੀ ਤੋਂ ਭਾਜਪਾ ਦੀ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਨੇ ਕਿਸਾਨਾਂ ਬਾਰੇ ਬਿਆਨ ਦਿੱਤਾ ਕਿ ਜੇਕਰ ਕਿਸਾਨ ਅੰਦੋਲਨ ਦੌਰਾਨ ਭਾਜਪਾ ਦੀ ਚੋਟੀ ਦੀ ਲੀਡਰਸ਼ਿਪ ਮਜ਼ਬੂਤ ਨਾ ਹੁੰਦੀ ਤਾਂ ਪੰਜਾਬ ਵਿੱਚ ਵੀ ਬੰਗਲਾਦੇਸ਼ ਵਰਗੇ ਹਾਲਾਤ ਪੈਦਾ ਹੋ ਜਾਂਦੇ। ਬਿਨੈਕਾਰ ਨੇ 31 ਅਗਸਤ 24 ਨੂੰ ਪੁਲਿਸ ਕਮਿਸ਼ਨਰ ਅਤੇ ਥਾਣਾ ਮੁਖੀ ਨਿਊ ਆਗਰਾ ਨੂੰ ਇਸ ਸਬੰਧੀ ਸ਼ਿਕਾਇਤ ਭੇਜੀ ਸੀ। ਜਦੋਂ ਕੋਈ ਕਾਰਵਾਈ ਨਾ ਹੋਈ ਤਾਂ ਉਸ ਨੇ ਮੁਕੱਦਮਾ ਦਰਜ ਕਰ ਦਿੱਤਾ।

## "ਐਮਰਜੈਂਸੀ" ਫਿਲਮ 'ਤੇ ਲੱਗੀ ਪਾਬੰਦੀ ਕਾਰਨ ਸੰਤ ਭਿੰਡਰਾਂਵਾਲਿਆਂ ਨੂੰ "ਅਤਿਵਾਦੀ" ਦੱਸ ਕੇ, ਦੇਸ਼ ਅੰਦਰ ਭੜਕਾਹਟ ਪੈਦਾ ਕਰ ਰਹੀ ਹੈ ਕੰਗਨਾ ਰਣੌਤ: ਰਮਨਦੀਪ ਸਿੰਘ ਸੋਨੂੰ



**ਨਵੀਂ ਦਿੱਲੀ 18 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:- ਸ਼੍ਰੋਮਣੀ ਅਕਾਲੀ ਦਲ ਦੇ ਨੌਜਵਾਨ ਆਗੂ ਰਮਨਦੀਪ ਸਿੰਘ ਸੋਨੂੰ ਫੁਲ ਨੇ ਮੀਡੀਆ ਨੂੰ ਜਾਰੀ ਬਿਆਨ 'ਚ ਦਸਿਆ ਕਿ ਵਿਵਾਦਮਈ ਕਲਾਕਾਰ ਤੇ ਮੰਡੀ, ਹਿਮਾਚਲ ਤੋਂ ਭਾਜਪਾ ਸਾਂਸਦ ਕੰਗਨਾ ਰਣੌਤ ਵਲੋਂ ਫਿਰ ਵਿਵਾਦਤ ਬਿਆਨ ਦੇ ਕੇ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ "ਅਤਿਵਾਦੀ" ਦਸਿਆ ਗਿਆ ਹੈ। ਅਕਾਲੀ ਦਲ ਇਸ ਬਿਆਨ ਦੀ ਸਖਤ ਨਿੰਦਾ ਕਰਦਾ ਹੈ। ਉਹਨਾਂ ਕਿਹਾ ਕਿ "ਐਮਰਜੈਂਸੀ" ਫਿਲਮ ਦੀ ਨਿਰਮਾਤਾ, ਨਿਰਦੇਸ਼ਕ ਕੰਗਨਾ ਦੀ ਫਿਲਮ ਨੂੰ ਸਿੱਖਾਂ ਦੇ ਇਤਰਾਜ਼ ਕਾਰਨ ਸਿਨੇਮਾ ਘਰਾਂ ਵਿਚ ਨਹੀਂ ਲੱਗਣ ਦਿਤਾ ਗਿਆ, ਜਿਸ ਕਾਰਨ ਉਹ ਵਿਵਾਦਤ ਬਿਆਨ ਦੇ ਰਹੀ ਹੈ, ਇਹ ਬਿਆਨ ਭਾਜਪਾ ਦੀ ਵਿਚਾਰਧਾਰਾ ਦਾ ਪ੍ਰਗਟਾਵਾ ਹਨ। ਸੋਨੂੰ ਨੇ ਕਿਹਾ ਕਿ ਰਾਹੁਲ ਗਾਂਧੀ ਦੇ ਬਿਆਨ ਨਾਲ ਜੋ ਵਿਵਾਦ ਛਿੜਿਆ, ਉਸ ਕਾਰਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜ ਮੈਂਬਰਾਨ ਨੇ ਭਾਜਪਾ ਸਿੱਖ ਸੈੱਲ ਦੇ ਮੁਜ਼ਾਹਰੇ ਵਿਚ ਜਾ ਕੇ, ਗਾਂਧੀ ਦੇ ਬਿਆਨ ਦੀ ਨਿੰਦਾ ਕੀਤੀ, ਪ੍ਰੰਤੂ ਦਿੱਲੀ ਕਮੇਟੀ ਮੈਂਬਰਾਂ ਨੂੰ ਕੰਗਨਾ ਵਲੋਂ ਸੰਤ ਭਿੰਡਰਾਂਵਾਲਿਆਂ ਪ੍ਰਤੀ ਵਰਤੀ ਗਈ ਅਪਮਾਨਜਨਕ ਭਾਸ਼ਾ ਦੇ ਰੋਸ ਕਰ ਕੇ, ਉਸ ਖਿਲਾਫ ਮੁਜ਼ਾਰਹਾ ਕਰਨਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਸੰਤ ਭਿੰਡਰਾਂਵਾਲੇ ਸ਼੍ਰੀ ਅਕਾਲ ਤਖਤ ਸਾਹਿਬ ਜੀ ਵਲੋਂ 20 ਵੀਂ ਸਦੀ ਦੇ ਮਹਾਨ ਸਿੱਖ ਦੇ ਤੌਰ 'ਤੇ ਸਨਮਾਨੇ ਗਏ ਹੋਏ ਹਨ। ਰਾਹੁਲ ਗਾਂਧੀ ਖਿਲਾਫ ਪ੍ਰਦਰਸ਼ਨ ਕਰਨ ਵਾਲੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਜਪਾ ਦੀ ਸਾਂਸਦ ਰਣੌਤ ਖਿਲਾਫ ਧਰਨਾ ਪ੍ਰਦਰਸ਼ਨ ਕਦੋਂ ਕਰਨਗੇ ? ਜਾਂ ਭਾਜਪਾ ਤੋਂ ਐਮ ਐਲ ਏ ਦੀਆਂ ਟਿਕਟਾਂ ਲੈਣ ਦੇ ਕਾਰਨ ਡਰ ਤੇ ਸਹਿਮ ਨਾਲ ਚੁਪ ਹਨ।

## ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਸਰਪੰਚ ਅਤੇ ਪੰਚਾਇਤਾਂ ਸਰਬ ਸੰਮਤੀ ਨਾਲ ਚੁਣੇ ਜਾਣ : ਹਰਜਿੰਦਰ ਸਿੰਘ ਜਲਾਲ ਉਸਮਾ

**ਚੌਕ ਮਹਿਤਾ, 18 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿੱਚ ਪੰਚਾਇਤੀ ਚੋਣਾਂ ਦਾ ਬਿਗੁਲ ਵੱਜ ਸਕਦਾ ਹੈ, ਪੰਚਾਇਤੀ ਚੋਣਾਂ ਨੂੰ ਲੈ ਕੇ ਪਿੰਡਾਂ ਵਿਚ ਸਰਪੰਚੀ ਦਾ ਚੋਣਾਂ ਲੜਨ ਵਾਲੇ ਆਗੂ ਪੂਰੇ ਤਿਆਰ ਨਜ਼ਰ ਆ ਰਹੇ ਹਨ ਕੁਝ ਚਾਹਵਾਨ ਲੀਡਰਾਂ ਨੇ ਆਪਣੇ ਹਲਕੇ ਦੇ ਐਮ ਐਲ ਏ, ਮੰਤਰੀ, ਹਲਕਾ ਇੰਚਾਰਜ, ਚੇਅਰਮੈਨ ਆਦਿ ਦੇ ਦਫ਼ਤਰਾਂ ਦੇ ਗੇੜੇ ਲਗਾਉਣੇ ਵੀ ਸ਼ੁਰੂ ਕਰ ਦਿੱਤੇ ਹਨ ਅਤੇ ਆਪਣੀ ਮਜ਼ਬੂਤ ਦਾਅਵੇਦਾਰੀ ਪੇਸ ਕੀਤੀ ਜਾ ਰਹੀ ਹੈ ਇਥੇ ਕੁਝ ਸਰਪੰਚ ਤਾਂ ਪਿੰਡਾਂ, ਸੱਥਾਂ ਆਦਿ ਵਿੱਚ ਆਪਣੇ ਪਿੰਡ ਦੇ ਵੋਟਰਾਂ ਨੂੰ ਕਹਿਣ ਲੱਗ ਪਾਏ ਹਨ ਸਰਪੰਚੀ ਤਾਂ ਵੱਟ ਤੇ ਪਈ ਹੈ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਜੰਡਿਆਲਾ ਗੁਰੂ ਤੋ ਸੀਨੀਅਰ ਲੀਡਰ ਹਰਜਿੰਦਰ ਸਿੰਘ ਰੰਧਾਵਾ ਜਿੱਲਾ ਵਾਈਸ਼ ਪ੍ਰਧਾਨ ਵਪਾਰ ਮੰਡਲ ਅੰਮ੍ਰਿਤਸਰ : ਪੀਏ ਸ੍ਰੀ ਵਿਨੀਤ ਵਰਮਾ ਤੇ ਨੇ ਵਰਕਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ ਪੰਜਾਬ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਵੀ ਬਹੁਤ ਵਾਰ ਕਿਹਾ ਸਰਪੰਚ ਕਿਸੇ ਵਿਸ਼ੇਸ਼ ਪਾਰਟੀ ਦਾ ਨਹੀਂ ਹੋਣਾ ਚਾਹੀਦਾ ਸਰਪੰਚ ਪਿੰਡ ਦਾ ਹੋਣਾ ਚਾਹੀਦਾ ਜਦੋਂ ਸਰਪੰਚ ਪਿੰਡ ਦਾ ਹੋਵੇਗਾ ਪਿੰਡ ਦਾ ਵਿਕਾਸ ਹੋਵੇਗਾ ਭਗਵੰਤ ਸਿੰਘ ਮਾਨ ਜੀ ਵੱਲੋਂ ਸਰਬ ਸੰਮਤੀ ਨਾਲ ਚੁਣੇ ਗਏ ਸਰਪੰਚਾਂ ਪੰਚਾਇਤਾਂ ਨੂੰ ਪਿੰਡ ਵਿਕਾਸ ਲਈ ਬਹੁਤ ਭਾਰੀ ਗਰਾਟਾ ਨਾਲ ਨਿਵਾਜਿਆ ਜਾਵੇਗਾ। ਪਿੰਡ ਦਾ ਸਰਪੰਚ ਅਤੇ ਪੰਚਾਇਤ ਪੜੀ ਲਿੱਖੀ ਹੋਣੀ ਚਾਹੀਦੀ ਹੈ।




## ਨਗਰ ਕੌਂਸਲ ਵੱਲੋ ਸਵੱਛਤਾ ਹੀ ਸੇਵਾ ਕੰਪੈਨ ਅਧੀਨ ਸਿਹਭਾਵ ਸਵੱਛਤਾ-ਸੰਸਕਾਰ ਸਵੱਛਤਾ ਤਹਿਤ ਸਕੂਲ ਦੇ ਬੱਚਿਆ ਨਾਲ ਰੈਲੀ ਕੱਢੀ ਸਕੂਲੀ ਬੱਚਿਆ ਵੱਲੋ ਲੋਕਾ ਨੂੰ ਕੂੜਾ ਨਗਰ ਕੌਂਸਲ ਵੱਲੋ ਭੇਜੇ ਜਾਂਦੇ ਵੇਸਟ ਕੁਲੈਕਟਰ ਨੂੰ ਦੇਣ ਲਈ ਪ੍ਰੇਰਿਤ ਕੀਤਾ




**ਜੰਡਿਆਲਾ ਗੁਰੂ, 18 ਸਤੰਬਰ ( ਕੁਲਵੰਤ ਸਿੰਘ ਵਿਰਦੀ )**-ਸਰਕਾਰ ਵੱਲੋ ਜਾਰੀ ਹਦਾਇਤਾਂ ਅਨੁਸਾਰ, ਪ੍ਰੋਜੈਕਟ ਡਾਇਰੈਕਟਰ ਸੋਲਿਡ ਵੇਸਟ ਮੈਨੇਜਮੈਂਟ ਡਾ.ਪੂਰਨ ਸਿੰਘ ਪੀ.ਐੱਮ.ਆਈ.ਡੀ.ਸੀ. ਅਤੇ ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਅੰਮ੍ਰਿਤਸਰ ਜੀ ਵੱਲੋ ਦਿੱਤੇ ਦਿਸ਼ਾ-ਨਿਰਦੇਸ਼ ਤਹਿਤ ਨਗਰ ਕੌਂਸਲ ਜੰਡਿਆਲਾ ਗੁਰੂ ਵੱਲੋ ਸਵੱਛਤਾ ਹੀ ਸੇਵਾ ਕੰਪੈਨ ਅਧੀਨ ਸਿਹਭਾਵ ਸਵੱਛਤਾ-ਸੰਸਕਾਰ ਸਵੱਛਤਾ ਨੂੰ ਮੁੱਖ ਰੱਖਦਿਆ ਹੋਇਆ ਸਕੂਲ ਦੇ ਬੱਚਿਆ ਨਾਲ ਵਿਸ਼ੇਸ਼ ਸਵੱਛਤਾ ਰੈਲੀ ਕੀਤੀ ਗਈ, ਜਿਸ ਵਿਚ ਸਕੂਲੀ ਬੱਚਿਆ ਵੱਲੋ ਲੋਕਾ ਨੂੰ ਆਪਣਾ ਕੂੜਾ ਇਧਰ-ਉਧਰ ਨਾ ਸੁੱਟ ਕੇ ਨਗਰ ਕੌਂਸਲ ਵੱਲੋ ਭੇਜੇ ਜਾਂਦੇ ਵੇਸਟ ਕੁਲੈਕਟਰ ਨੂੰ ਦੇਣ ਲਈ ਪ੍ਰੇਰਿਤ ਕੀਤਾ ਅਤੇ ਪਲਾਸਟਿਕ ਦੇ ਲਿਫ਼ਾਫੇ ਤੋ ਹੋਣ ਵਾਲੇ ਨੁਕਸਾਨ ਬਾਰੇ ਦੱਸ ਕੇ ਉਸ ਦੀ ਵਰਤੋ ਨਾ ਕਰਕੇ ਸਗੋ ਕੱਪੜੇ ਦੇ ਬਣੇ ਥੈਲੇ ਵਰਤਣ ਲਈ ਸੁਚੇਤ ਕੀਤਾ ਗਿਆ। ਇਸ ਸਮੇ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਸ਼੍ਰੀ ਜਗਤਾਰ ਸਿੰਘ, ਪ੍ਰਧਾਨ ਸ਼੍ਰੀ ਸੰਜੀਵ ਕੁਮਾਰ ਲਵਲੀ, ਸੁਪਰਡੈਂਟ ਸ਼੍ਰੀ ਖੁਸ਼ਬੀਰ ਸਿੰਘ, ਸੈਨੇਟਰੀ ਇੰਸਪੈਕਟਰ ਸ਼੍ਰੀ ਸੰਕਲਪ, ਜਨਰਲ ਇੰਸਪੈਕਟਰ ਸ਼੍ਰੀ. ਬਲਵਿੰਦਰ ਸਿੰਘ, ਸ਼੍ਰੀ. ਸੋਨੀ ਰੰਧਾਵਾ, ਸ਼੍ਰੀ. ਸਰਬਜੀਤ ਸਿੰਘ ਡਿੰਪੀ, ਸ਼੍ਰੀ. ਕਾਲਾ ਸਫਾਈ ਸੁਪਰਵਾਈਜ਼ਰ ਅਤੇ ਸਮੂਹ ਦਫ਼ਤਰੀ ਸਟਾਫ ਮੌਜੂਦ ਸਨ।

# ਸੰਤ ਭਿੰਡਰਾਂਵਾਲੇ ਹਿੰਦੂਆਂ ਦੇ ਵੈਰੀ ਜਾਂ ਪਰਉਪਕਾਰੀ ?



ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਜਦੋਂ ਪੰਥ ਅਤੇ ਪੰਜਾਬ ਦੇ ਹੱਕਾਂ ਤੇ ਅਜ਼ਾਦੀ ਲਈ ਝੰਡਾ ਚੁੱਕਿਆ ਤਾਂ ਭਾਰਤ ਸਰਕਾਰ, ਨੈਸ਼ਨਲ ਮੀਡੀਆ, ਫ਼ਿਰਕੂ ਹਿੰਦੁਤਵੀਆਂ, ਕਾਂਗਰਸੀ-ਭਾਜਪਾਈਆਂ ਤੇ ਹੋਰ ਸਿੱਖ ਵਿਰੋਧੀ ਲੋਕਾਂ ਨੇ ਉਹਨਾਂ ਨੂੰ ਨਿੰਦਣਾ-ਭੰਡਣਾ ਸ਼ੁਰੂ ਕਰ ਦਿੱਤਾ। ਇੰਦਰਾ ਗਾਂਧੀ, ਲਾਲ ਕ੍ਰਿਸ਼ਨ ਅਡਵਾਨੀ, ਲਾਲਾ ਜਗਤ ਨਰਾਇਣ ਤੇ ਹਰਬੰਸ ਲਾਲ ਖੰਨਾ ਨੇ ਸੰਤਾਂ ਖ਼ਿਲਾਫ਼ ਜ਼ਿਹਰ ਉਗਲਿਆ। ਉਹਨਾਂ ਨੂੰ ਹਿੰਦੂਆਂ ਦਾ ਵੈਰੀ, ਕਾਤਲ, ਦੁਸ਼ਮਣ, ਦਹਿਸ਼ਤਗਰਦ, ਅੱਤਵਾਦੀ ਆਦਿਕ ਕਿਹਾ ਗਿਆ। ਜਦ ਕਿ ਸੰਤ ਜੀ ਤਾਂ ਹਰੇਕ ਧਰਮ ਦਾ ਸਤਿਕਾਰ ਕਰਦੇ ਸਨ ਪਰ ਉਹ ਆਪਣੇ ਧਰਮ ਵਿਰੁੱਧ ਕੋਈ ਗੱਲ ਬਰਦਾਸ਼ਤ ਨਹੀਂ ਕਰਦੇ ਸਨ ਕਿਉਂਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸੱਚੇ ਸਿੱਖ ਸਨ। ਖ਼ਾਲਸੇ ਦਾ ਕਿਸੇ ਧਰਮ ਜਾਂ ਫ਼ਿਰਕੇ ਨਾਲ਼ ਵੈਰ ਨਹੀਂ, ਖ਼ਾਲਸਾ ਤਾਂ ਜਬਰ-ਜ਼ੁਲਮ ਦੇ ਖ਼ਿਲਾਫ਼ ਲੜਦਾ ਹੈ ਤੇ ਜ਼ੁਲਮ ਕਰਨ ਵਾਲ਼ਾ ਚਾਹੇ ਕਿਸੇ ਵੀ ਭੇਖ ਵਿੱਚ ਹੋਵੇ।

ਆਵਾਜ਼ਿ ਕੌਮ
AWAZE QAUM
International Newspaper & WEB TV

ਸੰਤ ਭਿੰਡਰਾਂਵਾਲ਼ੇ ਅਕਸਰ ਹੀ ਆਪਣੀ ਤਕਰੀਰਾਂ 'ਚ ਕਹਿੰਦੇ ਸਨ ਕਿ ਸਿੱਖ ਪੱਕਾ ਸਿੱਖ ਬਣੇ, ਹਿੰਦੂ ਪੱਕਾ ਹਿੰਦੂ ਬਣੇ ਤੇ ਮੁਸਲਮਾਨ ਪੱਕਾ ਮੁਸਲਮਾਨ ਬਣੇ। ਉਹ ਆਖਦੇ ਸਨ ਕਿ ਹਿੰਦੂ ਧਰਮ ਦੀਆਂ ਰਹੁ-ਰੀਤਾਂ 'ਤੇ ਪਹਿਰਾ ਦੇਣਾ ਵਾਲ਼ਾ ਹਿੰਦੂ, ਮੇਰਾ ਭਰਾ ਹੈ। ਹਿੰਦੁਸਤਾਨ ਦਾ ਪ੍ਰਸਿੱਧ ਵਕੀਲ ਰਾਮ ਜੇਠ ਮਲਾਨੀ, ਸਿਆਸੀ ਆਗੂ ਸੁਬਰਾਮਨੀਅਨ ਸਵਾਮੀ ਤੇ ਧਾਰਮਿਕ ਆਗੂ ਸਵਾਮੀ ਵਿਸ਼ਨੂੰ ਦੇਵਾਨੰਦ ਆਦਿਕ ਸੰਤਾਂ ਨੂੰ ਮਿਲ਼ਦੇ ਰਹੇ। ਅਨੇਕਾਂ ਹਿੰਦੂ ਪੱਤਰਕਾਰ ਉਹਨਾਂ ਨਾਲ਼ ਗੱਲਬਾਤ ਕਰਦੇ ਰਹੇ, ਧਰਮ ਯੁੱਧ ਮੋਰਚੇ ਦੌਰਾਨ ਹਿੰਦੂ ਔਰਤਾਂ ਵੀ ਸੰਤ ਜੀ ਨੂੰ ਮਿਲ਼ਣ ਆਉਂਦੀਆਂ ਰਹੀਆਂ, ਤਸਵੀਰਾਂ ਗਵਾਹ ਹਨ। ਉਹਨਾਂ ਨੂੰ ਤਾਂ ਸੰਤਾਂ ਨੇ ਕਦੇ ਡਰਾਇਆ-ਧਮਕਾਇਆ ਨਹੀਂ, ਨਾ ਹੀ ਕਦੇ ਉਹਨਾਂ ਹਿੰਦੂਆਂ ਨੂੰ ਸੰਤਾਂ ਤੋਂ ਡਰ ਲੱਗਾ। ਸੰਤ ਜੀ ਤਾਂ ਹਰੇਕ ਨਾਲ਼ ਬਹੁਤ ਵਧੀਆ ਵਰਤਾਉ ਕਰਦੇ ਸਨ।

ਸੰਤ ਭਿੰਡਰਾਂਵਾਲ਼ਿਆਂ ਨੂੰ ਹਿੰਦੂਆਂ ਦੇ ਵੈਰੀ ਕਹਿਣ ਵਾਲ਼ੇ ਕਦੇ ਗੁਰਦਾਸਪੁਰ ਦੀ ਜੇਲ੍ਹ 'ਚ ਉਹ ਮੰਦਰ ਵੇਖ ਕੇ ਆਉਣ ਜੋ ਉਹਨਾਂ ਦੇ ਸਾਥੀ ਬਾਬਾ ਠਾਹਰਾ ਸਿੰਘ ਤੇ ਭਾਈ ਅਮਰੀਕ ਸਿੰਘ ਨੇ ਬਣਵਾ ਕੇ ਦਿੱਤਾ ਸੀ ਤੇ ਓਸੇ ਮੰਦਰ ਵਿੱਚ ਛੇ ਹਜ਼ਾਰ ਦੀ ਮੂਰਤੀ ਸਥਾਪਿਤ ਕੀਤੀ ਤਾਂ ਜੋ ਹਿੰਦੂ-ਕੈਦੀ ਪੂਜਾ ਕਰ ਸਕਣ। ਦਮਦਮੀ ਟਕਸਾਲ ਦੇ ਬਾਬਾ ਠਾਹਰਾ ਸਿੰਘ ਨੇ ਗੁਰਦਾਸਪੁਰ ਦੀ ਜੇਲ੍ਹ ਵਿੱਚ ਗੁਰਦੁਆਰਾ ਸਾਹਿਬ ਦੀ ਖਸਤਾ ਹੋਈ ਇਮਾਰਤ ਨੂੰ ਮੁੜ ਉਸਾਰਨ ਦੇ ਨਾਲ਼-ਨਾਲ਼ ਮੰਦਰ ਦੀ ਉਸਾਰੀ ਵੀ ਕਰਵਾ ਕੇ ਦਿੱਤੀ, ਉਹਨਾਂ ਕੋਈ ਭੇਦ-ਭਾਵ ਨਹੀਂ ਕੀਤਾ, ਇਹ ਖ਼ਰਚਾ ਵੀ ਸੰਤ ਭਿੰਡਰਾਂਵਾਲ਼ਿਆਂ ਨੇ ਹੀ ਕੀਤਾ ਸੀ। ਜਦੋਂ ਹਿੰਦੂ-ਕੈਦੀਆਂ ਨੇ ਬਾਬਾ ਠਾਹਰਾ ਸਿੰਘ ਨੂੰ ਮੰਦਰ ਬਣਾਉਣ ਲਈ ਬੇਨਤੀ ਕੀਤੀ ਤਾਂ ਬਾਬਾ ਜੀ ਨੇ ਕਿਹਾ ਕਿ 'ਆਪਣਾ ਕੋਈ ਨਜ਼ਦੀਕੀ ਵਿਅਕਤੀ ਸੰਤ ਭਿੰਡਰਾਂਵਾਲ਼ਿਆਂ ਪਾਸ ਭੇਜੋ, ਜੇਕਰ ਸੰਤ ਜੀ ਆਗਿਆ ਦੇਣਗੇ ਤਾਂ ਮੈਂ ਮੰਦਰ ਬਣਾ ਦਿਆਂਗਾ।' ਗੁਰਦੁਆਰਾ ਸਾਹਿਬ ਅਤੇ ਮੰਦਰ ਬਣਾਉਣ ਦੀ ਖ਼ਬਰ ਸੰਨ 1983 ਦੇ ਅਪ੍ਰੈਲ ਮਹੀਨੇ ਅਖ਼ਬਾਰਾਂ 'ਚ ਵੀ ਛਪੀ ਸੀ। ਇਹ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਸੰਤ ਜੀ ਹਿੰਦੂ/ਸਨਾਤਨ ਧਰਮ ਦੇ ਵੈਰੀ ਨਹੀਂ ਸਨ, ਉਹਨਾਂ ਦੀ ਲੜਾਈ ਤਾਂ ਸਿਧਾਂਤਕ ਸੀ। ਹੈਰਾਨੀ ਦੀ ਗੱਲ ਹੈ ਕਿ ਜਿਸ ਸੰਤ ਨੂੰ ਹਿੰਦੂ ਮੀਡੀਆ ਅਕਸਰ ਹੀ ਟੀ.ਵੀ. ਚੈੱਨਲਾਂ ਤੇ ਅਖ਼ਬਾਰਾਂ 'ਚ ਹਿੰਦੂਆਂ ਦਾ ਦੁਸ਼ਮਣ ਆਖ ਕੇ ਪ੍ਰਚਾਰਦੇ ਹਨ ਉਸੇ ਸੰਤ ਨੇ ਹਿੰਦੂਆਂ ਲਈ ਮੰਦਰ ਬਣਾ ਕੇ ਦਿੱਤਾ। ਇੱਕ ਦਿਨ ਸੰਤ ਭਿੰਡਰਾਂਵਾਲ਼ਿਆਂ ਕੋਲ਼ ਹਰਿਦੁਆਰ ਦਾ ਰਹਿਣ ਵਾਲ਼ਾ ਪੰਡਤ ਰੋਸ਼ਨ ਲਾਲ ਆਇਆ। ਉਸ ਨੇ ਬਹੁਤ ਪਿਆਰ ਸਹਿਤ ਸੰਤਾਂ ਦੇ ਦਰਸ਼ਨ ਤੇ ਸਤਿਕਾਰ ਕੀਤਾ ਤੇ ਫਿਰ ਕੁਝ ਵਿਚਾਰਾਂ ਕਰਨ ਤੋਂ ਬਾਅਦ ਕਹਿਣ ਲੱਗਾ "ਮਹਾਂਪੁਰਸ਼ੋ! ਮੇਰੀ ਲੜਕੀ ਦਾ ਵਿਆਹ ਰੱਖਿਆ ਹੋਇਆ, ਮੈਨੂੰ ਮਾਇਆ ਦੀ ਜ਼ਰੂਰਤ ਹੈ, ਮੇਰੇ ਕਿਸੇ ਸਾਥੀ ਤੇ ਹਿੰਦੂ ਸੰਗਠਨ ਨੇ ਵੀ ਮੇਰੀ ਮਦਦ ਨਹੀਂ ਕੀਤੀ, ਹੁਣ ਤੁਸੀਂ ਹੀ ਮੇਰੀ ਬਾਂਹ ਫੜੋ, ਮੈਨੂੰ ਪਤਾ ਹੈ ਤੁਸੀਂ ਬਹੁਤ ਦਿਆਲੂ ਪੁਰਸ਼ ਹੋ ਤੇ ਅਜਿਹੇ ਕਾਰਜਾਂ ਲਈ ਵੱਧ-ਚੜ੍ਹ ਕੇ ਅੱਗੇ ਆਉਂਦੇ ਹੋ, ਮੇਰੀ ਲੜਕੀ ਨੂੰ ਆਪਣੀ ਲੜਕੀ ਜਾਣ ਕੇ ਮੇਰੀ ਝੋਲ਼ੀ 'ਚ ਕੁੱਝ ਮਾਇਆ ਪਾਓ।" ਤਾਂ ਸੰਤਾਂ ਨੇ ਕਿਹਾ "ਦੱਸੋ, ਪੰਡਤ ਜੀ ਕਿੰਨੀ ਮਦਦ ਕਰੀਏ ?" ਅੱਗੋਂ ਪੰਡਤ ਨੇ ਕਿਹਾ "ਜੈਸਾ ਆਪ ਠੀਕ ਸਮਝੋ।" ਤਾਂ ਸੰਤਾਂ ਨੇ ਆਪਣੇ ਖੀਸੇ 'ਚ ਹੱਥ ਪਾਉਂਦਿਆਂ ਕਾਫ਼ੀ ਪੈਸੇ ਕੱਢੇ ਤੇ ਬਿਨਾਂ ਗਿਣਤੀ ਕੀਤਿਆਂ ਪੰਡਤ ਨੂੰ ਫੜਾ ਦਿੱਤੇ ਤੇ ਕਿਹਾ ਕਿ "ਇਸ ਮਾਇਆ ਨੂੰ ਬੇਟੀ ਦੇ ਵਿਆਹ ਲਈ ਹੀ ਖਰਚਿਓ, ਇਸ ਨੂੰ ਕਿਸੇ ਹੋਰ ਪਾਸੇ ਫ਼ਜ਼ੂਲ ਖ਼ਰਚ ਨਾ ਕਰਿਓ।" ਪੰਡਤ ਨੇ 'ਜੀ ਮਹਾਰਾਜ' ਕਿਹਾ ਤੇ ਉਹ ਖ਼ੁਸ਼ੀ-ਖ਼ੁਸ਼ੀ ਵਾਪਸ ਮੁੜ ਗਿਆ।

ਜਦੋਂ ਕਪੂਰਥਲੇ ਦੇ ਇੱਕ ਮੰਦਰ ਨੂੰ ਕਿਸੇ ਸ਼ਰਾਰਤੀ ਨੇ ਅੱਗ ਲਾ ਦਿੱਤੀ ਤਾਂ ਇਸ ਵਿੱਚ ਹਿੰਦੂਆਂ ਦਾ ਧਾਰਮਿਕ ਗ੍ਰੰਥ ਰਾਮਾਇਣ ਵੀ ਸੜ ਗਿਆ। ਕੁਝ ਹਿੰਦੂ ਵੀਰ ਇਕੱਠੇ ਹੋ ਕੇ ਸੰਤ ਭਿੰਡਰਾਂਵਾਲ਼ਿਆਂ ਕੋਲ਼ ਆਏ ਤੇ ਸਾਰੀ ਘਟਨਾ ਦੱਸੀ। ਫਿਰ ਕਹਿਣ ਲੱਗੇ ਕਿ 'ਸੰਤ ਜੀ! ਅਸੀਂ ਇਸ ਸੰਬੰਧ ਵਿੱਚ ਅਦਾਲਤ ਵਿੱਚ ਕੇਸ ਲਾਇਆ ਹੈ, ਸਾਡੀ ਮਾਇਕੀ ਮਦਦ ਕੀਤੀ ਜਾਵੇ।' ਸੰਤ ਭਿੰਡਰਾਂਵਾਲ਼ਿਆਂ ਨੇ ਨਵੀਂ ਰਾਮਾਇਣ ਲਿਆਉਣ ਅਤੇ ਵਕੀਲ ਦੀ ਫ਼ੀਸ ਲਈ ਪੰਜ ਹਜ਼ਾਰ ਰੁਪਏ ਦੀ ਸਹਾਇਤਾ ਕੀਤੀ। ਸੰਤ ਜੀ ਕਹਿੰਦੇ ਸਨ ਕਿ ਕਿਸੇ ਵੀ ਧਰਮ ਦੇ ਗ੍ਰੰਥ ਦੀ ਬੇਅਦਬੀ ਨਹੀਂ ਹੋਣੀ ਚਾਹੀਦੀ। ਕਿਸੇ ਦੁਸ਼ਟ ਵੱਲੋਂ ਰਾਮਾਇਣ ਦੀ ਕੀਤੀ ਬੇਅਦਬੀ ਕਾਰਨ ਸੰਤਾਂ ਦਾ ਦਿਲ ਬੇਹੱਦ ਦੁਖੀ ਹੋਇਆ ਸੀ। ਇਸੇ ਲਈ ਉਹ ਸਪਸ਼ਟ ਆਖਦੇ ਸਨ ਕਿ "ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਦਾ, ਕਿਸੇ ਦੀ ਵੀ ਧੀ-ਭੈਣ ਦੀ ਇੱਜ਼ਤ ਲੁੱਟਦਾ ਉਸ ਨੂੰ ਸੋਧ ਕੇ ਮੇਰੇ ਕੋਲ਼ ਆਓ, ਮੈਂ ਸਾਂਭਾਂਗਾ।"

ਧਰਮ ਯੁੱਧ ਮੋਰਚੇ ਦੇ ਰਸਤਾ ਰੋਕੋ ਪ੍ਰੋਗਰਾਮ ਦੌਰਾਨ ਜਦੋਂ ਕੁਝ ਵਿਅਕਤੀ ਸ਼ਹੀਦ ਹੋ ਗਏ ਤਾਂ ਉਹਨਾਂ ਵਿੱਚ ਦੋ ਹਿੰਦੂ ਵੀ ਮਾਰੇ ਗਏ, ਇੱਕ ਪਟਿਆਲੇ ਦਾ ਅਤੇ ਦੂਜਾ ਮਲੇਰਕੋਟਲੇ ਦਾ ਸੀ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਦਮਦਮੀ ਟਕਸਾਲ ਵੱਲੋਂ ਉਹਨਾਂ ਦੇ ਪਰਿਵਾਰਾਂ ਨੂੰ ਪੰਜ-ਪੰਜ ਹਜ਼ਾਰ ਰੁਪਏ ਦਿੱਤੇ ਤੇ ਹਰਚੰਦ ਸਿੰਘ ਲੌਂਗੋਵਾਲ ਨੂੰ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਉਹਨਾਂ ਦੇ ਪਰਿਵਾਰਾਂ ਦੀ ਦਸ-ਦਸ ਹਜ਼ਾਰ ਰੁਪਏ ਮਦਦ ਹੋਰ ਕਰਵਾਈ। ਇਸ ਤੋਂ ਬਾਅਦ ਸੰਤਾਂ ਨੇ ਇਹ ਵੀ ਕਿਹਾ ਕਿ "ਮੋਰਚੇ ਦੌਰਾਨ 200 ਦੇ ਕਰੀਬ ਸਿੰਘਾਂ ਦੀ ਸ਼ਹੀਦੀ ਹੋ ਚੁੱਕੀ ਹੈ ਪਰ ਕਦੇ ਕਿਸੇ ਹਿੰਦੂ ਆਗੂ ਜਾਂ ਹਿੰਦੂ ਸੰਸਥਾ ਨੇ ਸਿੰਘਾਂ ਦੇ ਪਰਿਵਾਰਾਂ ਦੀ ਇੱਕ ਰੁਪਏ ਵੀ ਮਦਦ ਨਹੀਂ ਕੀਤੀ, ਅਸੀਂ ਮਦਦ ਮੰਗਦੇ ਵੀ ਨਹੀਂ। ਸਾਡੀ ਲੜਾਈ ਕਿਸੇ ਆਮ ਹਿੰਦੂ ਨਾਲ਼ ਨਹੀਂ, ਬਲਕਿ ਉਹਨਾਂ ਹਿੰਦੁਤਵੀ ਹੁਕਮਰਾਨਾਂ ਨਾਲ਼ ਹੈ ਜੋ ਸਿੱਖ ਕੌਮ ਦੀ ਹਸਤੀ ਮਿਟਾਉਣਾ ਚਾਹੁੰਦੇ ਨੇ, ਸਾਡੇ ਨਾਲ਼ ਧੱਕੇਸ਼ਾਹੀਆਂ ਤੇ ਵਿਤਕਰੇ ਕਰ ਰਹੇ ਨੇ, ਸਾਨੂੰ ਗ਼ੁਲਾਮ ਬਣਾਉਣ 'ਤੇ ਤੁਲੇ ਹੋਏ ਨੇ, ਤੇ ਸਾਡੇ ਹੱਕ ਮਾਰ ਰਹੇ ਨੇ।"

ਨਵੰਬਰ 1981 ਦੀ ਗੱਲ ਹੈ। ਜਦੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਸ਼ਹਿਰ ਜਲਾਲਾਬਾਦ ਵਿਖੇ ਗੁਰਦੁਆਰਾ ਸਿੰਘ ਸਭਾ 'ਚ ਧਰਮ ਪ੍ਰਚਾਰ ਕਰ ਰਹੇ ਸਨ ਤਾਂ ਦੀਵਾਨ ਵਿੱਚ ਇੱਕ ਹੁਕਮ ਚੰਦ ਨਾਂ ਦਾ ਹਿੰਦੂ ਆਇਆ ਤੇ ਸੰਤ ਜੀ ਅੱਗੇ ਧਾਹਾਂ ਮਾਰ ਕੇ ਰੋਣ ਲੱਗਾ। ਸੰਤਾਂ ਨੇ ਪੁੱਛਿਆ ਕਿ "ਕੀ ਗੱਲ ਹੋਈ ?" ਤਾਂ ਉਸ ਨੇ ਕਿਹਾ ਕਿ "ਮੈਂ ਸਿੱਖਾਂ ਦਾ ਇਤਿਹਾਸ ਪੜ੍ਹਿਆ-ਸੁਣਿਆ ਹੈ, ਅਠਾਰ੍ਹਵੀਂ ਸਦੀ 'ਚ ਸਿੱਖ ਜੋ ਹਿੰਦੂਆਂ ਦੀਆਂ ਬਹੂ-ਬੇਟੀਆਂ ਮੁਗਲਾਂ-ਅਫ਼ਗਾਨਾਂ ਦੀ ਕੈਦ 'ਚੋਂ ਛੁਡਾ ਕੇ ਲਿਆਉਂਦੇ ਸਨ, ਇੱਜ਼ਤਾਂ ਬਚਾਉਂਦੇ ਸਨ ਤੇ ਸਹੀ-ਸਲਾਮਤ ਘਰੀਂ ਪਹੁੰਚਾਉਂਦੇ ਸਨ। ਸੰਤ ਜੀ ਮੇਰੇ ਗ਼ਰੀਬ ਦੀ ਜਵਾਨ ਧੀ ਨੂੰ ਇੱਕ ਲਾਲ ਚੰਦ ਨਾਂ ਦਾ ਗੁੰਡਾ ਜਬਰੀ ਚੁੱਕ ਕੇ ਲੈ ਗਿਆ ਹੈ। ਪੁਲਸੀਏ ਅਤੇ ਸਰਕਾਰੀ ਅਧਿਕਾਰੀ ਵੀ ਉਸ ਬਦਮਾਸ਼ ਦੀ ਵੱਡੀ ਪਹੁੰਚ ਹੋਣ ਕਰਕੇ ਮੇਰੀ ਮਦਦ ਨਹੀਂ ਕਰ ਰਹੇ, ਮੇਰੀ ਧੀ ਦੀ ਇੱਜ਼ਤ ਨੂੰ ਛੇਤੀ ਬਚਾਓ।"

ਇਹ ਗੱਲ ਸੁਣਦੇ ਸਾਰ ਸੰਤ ਜੀ ਜੋਸ਼ ਨਾਲ਼ ਭਰ ਗਏ ਤੇ ਉਹਨਾਂ ਨੇ ਭਾਈ ਮਹਿੰਦਰ ਸਿੰਘ ਸਾਂਈਆਂ ਵਾਲ਼ੇ ਦੀ ਜ਼ਿੰਮੇਵਾਰੀ ਲਾਈ, ਆਪਣੀ ਗੱਡੀ ਅਤੇ ਨਾਲ਼ ਕੁਝ ਸਿੰਘ ਭੇਜੇ ਤੇ ਕਿਹਾ ਕਿ "ਸ਼ਾਮ ਦੇ ਪੰਜ ਵਜੇ ਤਕ ਉਸ ਲਾਲ ਚੰਦ ਜ਼ਾਲਮ ਨੂੰ ਖ਼ਾਲਸਈ ਹੱਥ ਵਿਖਾ ਕੇ ਹੁਕਮ ਚੰਦ ਦੀ ਧੀ ਨੂੰ ਛੁਡਾ ਕੇ ਘਰ ਪਹੁੰਚਾਓ।" ਭਾਈ ਮਹਿੰਦਰ ਸਿੰਘ ਜੋ ਸੰਤਾਂ ਦਾ ਬਚਨ ਮੰਨ ਕੇ ਤੁਰੰਤ ਹੀ ਹੁਕਮ ਚੰਦ ਨਾਲ਼ ਉਸ ਟਿਕਾਣੇ ਉੱਤੇ ਪਹੁੰਚਿਆ ਤੇ ਉਸ ਨੇ ਆਪਣੀ ਜਾਨ ਜੋਖ਼ਮ 'ਚ ਪਾ ਕੇ ਲਾਲ ਚੰਦ ਬਦਮਾਸ਼ ਨਾਲ਼ ਟੱਕਰ ਲੈਂਦਿਆਂ ਉਸ ਹਿੰਦੂ ਲੜਕੀ ਨੂੰ ਛੁਡਾਇਆ ਤੇ ਉਸ ਦੇ ਪਿਤਾ ਹੁਕਮ ਚੰਦ ਦੇ ਹਵਾਲੇ ਕੀਤੀ। ਇਸ ਗੱਲ ਤੋਂ ਸਹਿਜੇ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਜੇ ਸੰਤ ਜੀ ਹਿੰਦੂਆਂ ਦੇ ਦੁਸ਼ਮਣ ਹੁੰਦੇ ਤਾਂ ਉਹ ਹਿੰਦੂ ਦੀ ਧੀ ਨੂੰ ਛੁਡਾਉਣ ਲਈ ਐਨੇ ਉਤਾਵਲੇ ਕਿਉਂ ਹੁੰਦੇ! ਕਦੇ ਉਸ ਧੀ ਜਾਂ ਉਸ ਦੇ ਪਿਤਾ ਤੋਂ ਜਾ ਕੇ ਪੁੱਛਿਓ ਕਿ ਸੰਤ ਜੀ ਹਿੰਦੂਆਂ ਦੇ ਦੁਸ਼ਮਣ ਸਨ ? ਤੁਹਾਨੂੰ ਖ਼ੁਦ ਜਵਾਬ ਮਿਲ਼ ਜਾਏਗਾ।

ਇੱਕ ਦਿਨ ਇੱਕ ਗਰੀਬ ਹਿੰਦੂ ਜੋ ਸੰਤ ਭਿੰਡਰਾਂਵਾਲ਼ਿਆਂ ਕੋਲ਼ ਆ ਕੇ ਕਹਿਣ ਲੱਗਾ "ਸੰਤ ਜੀ ਮੇਰੀ ਲੜਕੀ ਨੂੰ ਇੱਕ ਮੁਸ਼ਟੰਡਾ ਚੁੱਕ ਕੇ ਲੈ ਗਿਆ ਹੈ ਤੇ ਉਹ ਵਿਆਹ ਲਈ ਜ਼ੋਰ ਪਾ ਰਿਹਾ ਹੈ, ਕਿਰਪਾ ਕਰਕੇ ਮੇਰੀ ਲੜਕੀ ਵਾਪਸ ਕਰਵਾਓ।" ਤਾਂ ਸੰਤਾਂ ਨੇ ਤੁਰੰਤ ਉਸ ਜ਼ਿਲ੍ਹੇ ਦੇ ਐੱਸ.ਐੱਸ.ਪੀ. ਨੂੰ ਫ਼ੋਨ ਕੀਤਾ ਤੇ ਕਿਹਾ "ਇਸ ਗ਼ਰੀਬ ਨਾਲ਼ ਧੱਕਾ ਹੋਇਆ ਹੈ, ਇਸ ਦੀ ਲੜਕੀ ਉਸ ਹੁੱਲੜਬਾਜ਼ ਤੋਂ ਤੁਰੰਤ ਵਾਪਸ ਕਰਵਾਓ, ਨਹੀਂ ਤਾਂ ਕੱਲ੍ਹ ਨੂੰ ਅਸੀਂ ਖ਼ੁਦ ਆ ਕੇ ਕਾਰਵਾਈ ਪਾਵਾਂਗੇ।" ਕੁਝ ਘੰਟਿਆਂ ਬਾਅਦ ਹੀ ਐੱਸ.ਐੱਸ.ਪੀ. ਨੇ ਫ਼ੋਨ ਕਰਕੇ ਦੱਸਿਆ ਕਿ ਲੜਕੀ ਵਾਪਸ ਕਰਵਾ ਦਿੱਤੀ ਹੈ ਤੇ ਦੋਸ਼ੀਆਂ 'ਤੇ ਕੇਸ ਦਰਜ ਕਰਕੇ ਸਜ਼ਾ ਵੀ ਦੇ ਰਹੇ ਹਾਂ, ਸੰਤ ਜੀ ਹੋਰ ਹੁਕਮ ਕਰੋ।" ਅਜਿਹੇ ਮਹਾਨ ਅਤੇ ਪਰਉਪਕਾਰੀ ਸੰਤ ਨੂੰ ਹਿੰਦੂਆਂ ਦਾ ਦੁਸ਼ਮਣ ਕਹਿਣਾ ਪਾਪ ਅਤੇ ਗ਼ੁਨਾਹ ਹੈ।

ਇਸੇ ਤਰ੍ਹਾਂ ਹੋਰ ਵੀ ਅਨੇਕਾਂ ਘਟਨਾਵਾਂ ਹਨ ਜਿਸ ਨੂੰ ਪੜ੍ਹ-ਸੁਣ ਕੇ ਤੁਸੀਂ ਹੈਰਾਨ ਹੋ ਜਾਓਗੇ। ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਦੀ ਗੱਲ ਹੈ। ਇੱਕ ਕੈਲਾਸ਼ ਚੰਦਰ ਨਾਂ ਦਾ ਹਿੰਦੂ ਜਿਸ ਦੀ ਕਰਿਆਨੇ ਦੀ ਦੁਕਾਨ ਬਿਜਲੀ ਦੀਆਂ ਤਾਰਾਂ ਤੋਂ ਅੱਗ ਲੱਗਣ ਕਾਰਨ ਸੜ ਗਈ। ਉਸ ਨੂੰ ਕੁਝ ਅਖੌਤੀ ਸ਼ਿਵ ਸੈਨਿਕ ਕਹਿਣ ਲੱਗੇ ਕਿ 'ਤੂੰ ਪੁਲਿਸ ਕੋਲ਼ ਭਿੰਡਰਾਂਵਾਲ਼ੇ ਦੇ ਬੰਦਿਆਂ ਦਾ ਨਾਂ ਲੈ ਦੇ।' ਪਰ ਕੈਲਾਸ਼ ਚੰਦਰ ਉਹਨਾਂ ਦੀਆਂ ਗੱਲਾਂ 'ਚ ਨਾ ਆਇਆ ਤੇ ਉਹ ਸਿੱਧਾ ਸ੍ਰੀ ਦਰਬਾਰ ਸਾਹਿਬ ਲੰਗਰ ਹਾਲ ਦੀ ਛੱਤ 'ਤੇ ਸੰਤਾਂ ਕੋਲ਼ ਪਹੁੰਚਿਆ ਤੇ ਸਾਰੀ ਘਟਨਾ ਦੱਸੀ ਅਤੇ ਨਾਲ਼ ਹੀ ਕਿਹਾ ਕਿ "ਮੇਰੇ ਰੁਜ਼ਗਾਰ ਦਾ ਏਹੀ ਸਾਧਨ ਸੀ, ਸੰਤ ਜੀ ਹੁਣ ਤੁਸੀਂ ਹੀ ਮੇਰੀ ਕੁਝ ਮਦਦ ਕਰੋ ਤੇ ਤੁਹਾਡੇ ਕਾਰਨ ਹੋਰ ਸਿੱਖ ਵੀ ਮੇਰੀ ਮਦਦ ਕਰਨਗੇ ਤੇ ਮੈਂ ਉਗਰਾਹੀ ਕਰਕੇ ਨਵੇਂ ਸਿਰਿਓਂ ਦੁਕਾਨ ਚਲਾ ਲਵਾਂਗਾ।" ਸੰਤਾਂ ਨੇ ਉਸ ਨੂੰ ਪੰਜ ਸੌ ਰੁਪਏ ਦਿੱਤੇ ਤੇ ਕਿਹਾ "ਹੋਰ ਦੱਸ ਕਿੰਨੇ ਚਾਹੀਦੇ ਨੇ ?" ਉਸ ਨੇ ਕਿਹਾ "ਸੰਤ ਜੀ! ਤੁਹਾਡੇ ਵੱਲੋਂ ਦਿੱਤੀ ਇਹ ਮਾਇਆ ਬੇਅੰਤ ਹੈ ਤੇ ਹੁਣ ਮੈਂ ਹੋਰ ਪਾਸਿਓਂ ਉਗਰਾਹੀ ਕਰ ਲਵਾਂਗਾ।" ਸੰਤ ਭਿੰਡਰਾਂਵਾਲ਼ਿਆਂ ਦੀ ਸ਼ਖ਼ਸੀਅਤ ਐਨੀ ਪ੍ਰਭਾਵਸ਼ਾਲੀ ਸੀ ਕਿ ਉਹ ਲੋਕਾਂ ਦੇ ਘਰੇਲੂ ਮਸਲੇ ਵੀ ਮਿੰਟਾਂ 'ਚ ਹੱਲ ਕਰ ਦਿੰਦੇ ਸਨ। ਉਹਨਾਂ ਨੇ ਸਿੱਖਾਂ ਅਤੇ ਹਿੰਦੂਆਂ ਦੀ ਅਨੇਕਾਂ ਲੜਕੀਆਂ ਵੀ ਵਸਾਈਆਂ ਜਿਨ੍ਹਾਂ ਨੂੰ ਉਹਨਾਂ ਦੇ ਸਹੁਰੇ ਪਰਿਵਾਰ ਦਾਜ ਲਈ ਤੰਗ-ਪ੍ਰੇਸ਼ਾਨ ਤੇ ਕੁੱਟ-ਮਾਰ ਕਰਦੇ ਸਨ। ਇੱਕ ਦਿਨ ਗੁਰੂ ਨਾਨਕ ਨਿਵਾਸ ਵਿਖੇ ਸੋਮ ਪ੍ਰਕਾਸ਼ ਨਾਂ ਦਾ ਇੱਕ ਹਿੰਦੂ ਸੰਤ ਭਿੰਡਰਾਂਵਾਲ਼ਿਆਂ ਕੋਲ਼ ਆਇਆ। ਇਤਫ਼ਾਕ ਉਸੇ ਦਿਨ ਹੀ ਭਾਰਤੀ ਜਨਤਾ ਪਾਰਟੀ ਦੇ ਆਗੂ ਸੁਆਮੀ ਸੁਬਰਾਮਨੀਅਨ ਅਤੇ ਸੁਪਰੀਮ ਕੋਰਟ ਦੇ ਉੱਘੇ ਵਕੀਲ ਰਾਮ ਜੇਠ ਮਲਾਨੀ ਵੀ ਦਿੱਲੀ ਤੋਂ ਕੁਝ ਹੋਰ ਆਗੂਆਂ ਨਾਲ਼ ਸੰਤਾਂ ਨੂੰ ਮਿਲ਼ਣ ਆਏ ਹੋਏ ਸਨ। ਸੋਮ ਪ੍ਰਕਾਸ਼ ਦਾ ਚਿਹਰਾ ਮੁਰਝਾਇਆ ਹੋਇਆ ਸੀ ਤੇ ਉਹ ਸੰਤਾਂ ਨੂੰ ਹੱਥ ਜੋੜ ਕੇ ਬੇਨਤੀ ਕਰਨ ਲੱਗਾ 'ਮਹਾਂਪੁਰਸ਼ੋ ਮੇਰੀ ਮਦਦ ਕਰੋ, ਮੇਰੀ ਧੀ ਨੂੰ ਉਸ ਦਾ ਸਹੁਰਾ ਪਰਿਵਾਰ ਦਾਜ ਨਾ ਦੇਣ ਕਰਨ ਬਹੁਤ ਤੰਗ ਕਰਦਾ ਹੈ, ਮਾਰਦਾ-ਕੁੱਟਦਾ ਹੈ, ਮੈਨੂੰ ਡਰ ਹੈ ਕਿਤੇ ਉਹ ਮੇਰੀ ਬੇਟੀ ਨੂੰ ਮਾਰ ਹੀ ਨਾ ਦੇਣ।"

ਸੰਤਾਂ ਨੇ ਭਾਈ ਕੇਹਰ ਸਿੰਘ ਟਾਂਡਾ (ਹੁਸ਼ਿਆਰਪੁਰ) ਦੀ ਜ਼ਿੰਮੇਵਾਰੀ ਲਾਈ ਤੇ ਉਸ ਨੇ ਤੁਰੰਤ ਜਾ ਕੇ ਗੱਡੀ 'ਚ ਸਹੁਰੇ ਪਰਿਵਾਰ ਨੂੰ ਬਿਠਾ ਲਿਆਂਦਾ। ਸੰਤ ਭਿੰਡਰਾਂਵਾਲ਼ਿਆਂ ਨੇ ਉਸ ਹਿੰਦੂ ਲੜਕੀ ਦੇ ਸਹੁਰਿਆਂ ਨੂੰ ਕਿਹਾ ਕਿ "ਇਹ ਅੱਜ ਤੋਂ ਹਿੰਦੂਆਂ ਦੀ ਧੀ ਨਹੀਂ, ਮੇਰੀ ਧੀ ਹੈ, ਦੱਸੋ ਤੁਹਾਨੂੰ ਕਿੰਨਾ ਦਾਜ ਚਾਹੀਦਾ ਹੈ ?" ਸੰਤਾਂ ਨੇ ਆਪਣੇ ਖੀਸੇ 'ਚ ਹੱਥ ਪਾਉਂਦਿਆਂ ਕਿਹਾ "ਦੱਸੋ, ਤੁਹਾਨੂੰ ਕਿੰਨੇ ਪੈਸੇ ਚਾਹੀਦੇ ਨੇ, ਤੁਹਾਡਾ ਘਰ ਭਰ ਦਿਆਂਗੇ ਪਰ ਇਸ ਨੂੰ ਤੰਗ ਨਾ ਕਰੋ।" ਸ਼ਰਮਸਾਰ ਹੋਇਆ ਸਹੁਰਾ ਪਰਿਵਾਰ ਸੰਤਾਂ ਕੋਲ਼ ਮਾਫ਼ੀਆਂ ਮੰਗਣ ਲੱਗਾ ਕਿ 'ਅੱਗੇ ਤੋਂ ਕੋਈ ਸ਼ਿਕਾਇਤ ਨਹੀਂ ਆਏਗੀ।' ਤੇ ਮੁੜ ਉਹਨਾਂ ਨੇ ਕਦੇ ਉਸ ਲੜਕੀ ਨੂੰ ਤੰਗ ਨਾ ਕੀਤਾ ਤੇ ਉਹ ਓਸੇ ਘਰ ਵਿੱਚ ਸੁਖੀ ਵੱਸਦੀ ਰਹੀ। ਕਦੇ ਉਸ ਲੜਕੀ ਦੇ ਪਰਿਵਾਰ ਨੂੰ ਮਿਲ਼ਿਓ ਤੇ ਪੁੱਛਿਓ ਕਿ ਸੰਤ ਜੀ ਹਿੰਦੂਆਂ ਦੇ ਵੈਰੀ ਸਨ ? ਇਹ ਘਟਨਾ ਵੇਖ ਕੇ ਤਾਂ ਸੁਆਮੀ ਸੁਬਰਾਮਨੀਅਨ, ਰਾਮ ਜੇਠ ਮਲਾਨੀ ਤੇ ਹੋਰ ਵਿਅਕਤੀ ਵੀ ਹੈਰਾਨ ਹੋ ਗਏ ਸਨ ਕਿ ਸਰਕਾਰ ਤਾਂ ਸੰਤਾਂ ਨੂੰ ਹਿੰਦੂਆਂ ਦੇ ਦੁਸ਼ਮਣ ਪ੍ਰਚਾਰ ਰਹੀ ਹੈ, ਪਰ ਸੰਤ ਜੀ ਤਾਂ ਹਿੰਦੂਆਂ ਦੀ ਮਦਦ ਕਰ ਰਹੇ ਹਨ। ਸੁਆਮੀ ਸੁਬਰਾਮਨੀਅਨ ਅਕਸਰ ਹੀ ਆਪਣੇ ਭਾਸ਼ਣ ਅਤੇ ਮੀਡੀਆ 'ਚ ਇਹ ਗੱਲ ਆਖਦੇ ਹਨ ਕਿ ਸੰਤ ਭਿੰਡਰਾਂਵਾਲ਼ੇ ਹਿੰਦੂਆਂ ਦੇ ਦੁਸ਼ਮਣ ਤੇ ਅੱਤਵਾਦੀ ਨਹੀਂ ਸਨ।

ਜਦੋਂ ਧਰਮ ਯੁੱਧ ਮੋਰਚਾ ਪੂਰੇ ਸ਼ਾਂਤਮਈ ਢੰਗ ਨਾਲ਼ ਚੱਲ ਰਿਹਾ ਸੀ ਤਾਂ ਹਿੰਦ ਸਰਕਾਰ ਅਤੇ ਜਨੂੰਨੀ ਹਿੰਦੁਤਵੀਆਂ ਨੇ ਇਸ ਮੋਰਚੇ ਨੂੰ ਬਦਨਾਮ ਅਤੇ ਤਾਰਪੀਡੋ ਕਰਨ ਦੇ ਅਨੇਕਾਂ ਯਤਨ ਕੀਤੇ। ਕਦੇ ਸੰਤ ਭਿੰਡਰਾਂਵਾਲ਼ਿਆਂ ਦੇ ਨਾਮ ਉੱਤੇ ਸ਼ਹਿਰੀ ਹਿੰਦੂਆਂ ਨੂੰ ਧਮਕੀ ਭਰੇ ਪੱਤਰ ਲਿਖ ਦੇਣੇ, ਕਦੇ ਮੰਦਰਾਂ ਵਿੱਚ ਗਾਂਵਾਂ ਦੇ ਸਿਰ ਤੇ ਪੂਛਾਂ ਵੱਢ ਕੇ ਸੁੱਟ ਦੇਣੀਆਂ, ਕਦੇ ਕੋਈ ਹੋਰ ਹਰਕਤ ਕਰ ਦੇਣੀ। ਸੰਤ ਜੀ ਇਹਨਾਂ ਘਟਨਾਵਾਂ ਦਾ ਪੁਰਜ਼ੋਰ ਵਿਰੋਧ ਕਰਦੇ ਰਹੇ। ਇਹਨਾਂ ਘਟਨਾਵਾਂ ਦੇ ਮੱਦੇਨਜ਼ਰ ਕਈ ਹਿੰਦੂ ਵੀਰ ਸੱਚਾਈ ਜਾਣਨ ਲਈ ਸੰਤਾਂ ਕੋਲ਼ ਆਉਂਦੇ ਰਹੇ, ਸੰਤ ਜੀ ਉਹਨਾਂ ਨੂੰ ਸੰਤੁਸ਼ਟ ਕਰਕੇ ਭੇਜਦੇ ਰਹੇ। ਉਹਨਾਂ ਹਿੰਦੂਆਂ ਨੂੰ ਤਾਂ ਸੰਤਾਂ ਕੋਲ਼ੋਂ ਕੋਈ ਡਰ ਨਹੀਂ ਸੀ ਲੱਗਾ ਉਹ ਤਾਂ ਸੰਤਾਂ ਦੇ ਬਚਨ ਸੁਣ ਕੇ ਕਾਇਲ ਤੇ ਨਿਹਾਲ ਹੋ ਜਾਂਦੇ ਸਨ, ਸੰਤ ਜੀ ਅਧਿਆਤਮਕ-ਰੂਹਾਨੀਅਤ ਭਰਪੂਰ ਸ਼ਖ਼ਸੀਅਤ ਸਨ। ਉਹ ਕਿਸੇ ਦੇ ਖ਼ਿਲਾਫ਼ ਨਹੀਂ ਬਲਕਿ ਸੱਚ ਦੇ ਪਹਿਰੇਦਾਰ ਸਨ।

ਸੰਤ ਭਿੰਡਰਾਂਵਾਲ਼ਿਆਂ ਨੇ ਅਨੇਕਾਂ ਹਿੰਦੂਆਂ ਦੇ ਮਸਲੇ ਹੱਲ ਕਰਵਾਏ ਇਹ ਗੱਲ ਮੈਨੂੰ ਖ਼ੁਦ ਇੱਕ ਅੰਮ੍ਰਿਤਸਰ ਦੇ ਹਿੰਦੂ 'ਭੂਤ ਨਾਥ' ਨੇ ਦੱਸੀ। ਉਸ ਨੇ ਦੱਸਿਆ ਕਿ ਅਦਾਲਤਾਂ-ਥਾਣਿਆਂ 'ਚ ਜਿਹੜੇ ਮਸਲੇ ਕਈ-ਕਈ ਸਾਲਾਂ ਤੋਂ ਹੱਲ ਨਹੀਂ ਸਨ ਹੁੰਦੇ ਉਹ ਸੰਤ ਭਿੰਡਰਾਂਵਾਲ਼ੇ ਦਸ ਮਿੰਟਾਂ 'ਚ ਹੱਲ ਕਰ ਦਿੰਦੇ ਸਨ। ਸੰਤਾਂ ਦੇ ਦਰਸ਼ਨ ਕਰਕੇ ਮਨ ਨੂੰ ਬੜੀ ਸ਼ਾਂਤੀ ਮਿਲ਼ਦੀ ਸੀ। ਅੰਮ੍ਰਿਤਸਰ ਦੇ ਇੱਕ ਹੋਰ ਹਿੰਦੂ ਵੀਰ ਭੂਸ਼ਣ ਕੁਮਾਰ (ਜੋ ਸਾਬਤ-ਸੂਰਤ ਸਰੂਪ 'ਚ ਹੈ) ਨੇ ਮੈਨੂੰ ਦੱਸਿਆ ਕਿ "ਮੈਂ ਕਈ ਵਾਰ ਸੰਤਾਂ ਨੂੰ ਮਿਲ਼ਿਆ, ਜੇ ਸੰਤ ਜੀ ਹਿੰਦੂਆਂ ਦੇ ਦੁਸ਼ਮਣ ਹੁੰਦੇ ਤਾਂ ਮੈਨੂੰ ਨਾ ਮਾਰ ਦਿੰਦੇ, ਸੰਤ ਜੀ ਤਾਂ ਸਾਡੀ ਮਦਦ ਕਰਦੇ ਸਨ।" ਇੱਕ ਤਸਵੀਰ 'ਚ ਸੰਤ ਭਿੰਡਰਾਂਵਾਲ਼ੇ ਇੱਕ ਹਿੰਦੂ ਬੱਚੇ ਨੂੰ ਨਕਦ ਇਨਾਮ ਦੇ ਰਹੇ ਹਨ ਤੇ ਦੂਜੀ ਤਸਵੀਰ 'ਚ ਇੱਕ ਹਿੰਦੂ ਦੇ ਗਲ 'ਚ ਹਾਰ ਪਾ ਰਹੇ ਹਨ।

ਇੱਕ ਵਾਰ ਗੁਰੂ ਨਾਨਕ ਨਿਵਾਸ 'ਚ ਸੰਤ ਭਿੰਡਰਾਂਵਾਲ਼ਿਆਂ ਨੂੰ ਮਿਲ਼ ਕੇ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਛੋਟੇ ਕਾਰਖਾਨੇਦਾਰ ਹਿੰਦੂਆਂ ਨੇ ਆਪਣੀਆਂ ਮੁਸ਼ਕਿਲਾਂ ਦੱਸੀਆਂ ਤੇ ਮਦਦ ਲਈ ਬੇਨਤੀ ਕੀਤੀ ਕਿਉਂਕਿ ਸਰਕਾਰ ਵੱਲੋਂ ਸਾਜ਼ਿਸ਼ ਅਧੀਨ ਵਿਗਾੜੇ ਜਾ ਰਹੇ ਪੰਜਾਬ ਦੇ ਮਹੌਲ ਕਾਰਨ ਉਹ ਆਪਣਾ ਕੰਮ ਛੱਡਣ ਲਈ ਮਜ਼ਬੂਰ ਹੋ ਰਹੇ ਸਨ। ਸੰਤਾਂ ਨੇ ਉਹਨਾਂ ਨੂੰ ਕਿਹਾ ਕਿ "ਤੁਹਾਡੇ ਨਾਲ਼ ਸਾਡਾ ਕੋਈ ਵਿਰੋਧ ਨਹੀਂ, ਤੁਸੀਂ ਨਿਸ਼ਚਿੰਤ ਹੋ ਕੇ ਕੰਮ ਕਰੋ, ਜੇ ਕੋਈ ਦਿੱਕਤ-ਪ੍ਰੇਸ਼ਾਨੀ ਆਏਗੀ ਤਾਂ ਅਸੀਂ ਤੁਹਾਡੀ ਤੁਰੰਤ ਮਦਦ ਕਰਾਂਗੇ।" ਸੰਤਾਂ ਨਾਲ਼ ਮਿਲ਼ ਕੇ ਉਹਨਾਂ ਹਿੰਦੂਆਂ ਨੇ ਬਹੁਤ ਖ਼ੁਸ਼ੀ ਅਤੇ ਤਸੱਲੀ ਮਹਿਸੂਸ ਕੀਤੀ ਤੇ ਕਿਹਾ ਕਿ ਅਸੀਂ ਤਾਂ ਸਰਕਾਰ ਦੀਆਂ ਗੱਲਾਂ 'ਚ ਆ ਕੇ ਐਵੇਂ ਹੀ ਸੰਤਾਂ ਨੂੰ ਹਿੰਦੂਆਂ ਦਾ ਵਿਰੋਧੀ ਮੰਨੀ ਬੈਠੇ ਸੀ।

ਇਸੇ ਤਰ੍ਹਾਂ ਭਾਈ ਮੋਹਰ ਸਿੰਘ ਜੋ ਪਹਿਲਾਂ ਬ੍ਰਾਹਮਣ ਪਰਿਵਾਰ ਨਾਲ਼ ਸੰਬੰਧਤ ਸਨ ਤੇ ਉਹਨਾਂ ਦਾ ਪਹਿਲਾਂ ਨਾਂ ਦੱਤ ਪਾਲ ਸੀ। ਦੱਤ ਪਾਲ ਨੇ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਕਥਾ ਸੁਣ ਕੇ ਖੰਡੇ-ਬਾਟੇ ਦਾ ਅੰਮ੍ਰਿਤ ਛਕ ਲਿਆ। ਫਿਰ ਗਿਆਨੀ ਮੋਹਰ ਸਿੰਘ ਨੇ ਚੌਦ੍ਹਵੇਂ ਮੁਖੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਅਗਵਾਈ 'ਚ ਸੇਵਾ ਕਰਨੀ ਸ਼ੁਰੂ ਕਰ ਦਿੱਤੀ, ਉਹ 13 ਅਪ੍ਰੈਲ 1978 ਦੇ ਸਾਕੇ ਵਿੱਚ ਜ਼ਖ਼ਮੀ ਵੀ ਹੋਏ। ਫਿਰ ਜੂਨ 1984 ਦੇ ਘੱਲੂਘਾਰੇ ਵਿੱਚ ਸੰਤ ਭਿੰਡਰਾਂਵਾਲ਼ਿਆਂ ਦੇ ਨਾਲ਼ ਹੀ ਜੂਨ 1984 ਦੇ ਘੱਲੂਘਾਰੇ ਵਿੱਚ ਭਾਰਤੀ ਫ਼ੌਜਾਂ ਵਿਰੁੱਧ ਜੂਝਦਿਆਂ ਆਪਣੇ ਪਰਿਵਾਰ ਸਮੇਤ ਸ਼ਹਾਦਤ ਦਾ ਜਾਮ ਪੀ ਗਏ। ਭਾਈ ਮੋਹਰ ਸਿੰਘ ਦਾ ਮੋਰਚਾ ਪ੍ਰਕਰਮਾ ਵਿੱਚ ਬੁੰਗਾ ਸ਼ਹੀਦ ਬਾਬਾ ਦੀਪ ਸਿੰਘ ਵਾਲ਼ੇ ਸਥਾਨ ਕੋਲ਼ ਸੀ। ਜਦੋਂ 5 ਜੂਨ ਦੀ ਰਾਤ ਨੂੰ ਟੈਂਕ ਦਾਖ਼ਲ ਹੋਏ ਤਾਂ ਉਹਨਾਂ ਆਪਣੀ ਛੋਟੀ ਉਮਰ ਦੀਆਂ ਧੀਆਂ ਸਤਿਨਾਮੁ ਕੌਰ ਤੇ ਵਾਹਿਗੁਰੂ ਕੌਰ ਦੇ ਸਰੀਰਾਂ ਉੱਤੇ ਬਰੂਦ ਬੰਨ੍ਹ ਕੇ ਟੈਂਕ ਉੱਤੇ ਛਾਲਾਂ ਮਰਵਾਈਆਂ ਤੇ ਟੈਂਕ ਨਕਾਰਾ ਕਰ ਦਿੱਤਾ। ਓਥੇ ਹੀ ਭਾਈ ਸਾਹਿਬ ਦੀ ਸਿੰਘਣੀ ਬੀਬੀ ਪ੍ਰੀਤਮ ਕੌਰ ਨੇ ਵੀ ਸ਼ਹੀਦੀ ਪਾਈ। ਘੱਲੂਘਾਰੇ ਤੋਂ ਬਾਅਦ ਗਿਆਨੀ ਮੋਹਰ ਸਿੰਘ ਦੇ ਦੋਵੇਂ ਭਾਣਜੇ (ਜੋ ਹਿੰਦੂ ਤੋਂ ਸਿੰਘ ਸਜੇ ਸਨ) ਭਾਈ ਬਖ਼ਸ਼ੀਸ਼ ਸਿੰਘ ਕਲਯੁੱਗ ਤੇ ਭਾਈ ਪ੍ਰੇਮ ਸਿੰਘ ਵੀ ਖ਼ਾਲਿਸਤਾਨੀ ਸੰਘਰਸ਼ ਵਿੱਚ ਜੂਝ ਕੇ ਸ਼ਹਾਦਤਾਂ ਪਾ ਗਏ। ਜੇ ਸੰਤ ਭਿੰਡਰਾਂਵਾਲ਼ੇ ਹਿੰਦੂਆਂ ਦੇ ਦੁਸ਼ਮਣ ਹੁੰਦੇ ਤਾਂ ਇਹ ਪਰਿਵਾਰ ਹਿੰਦੂ ਤੋਂ ਸਿੰਘ ਬਣ ਕੇ ਆਪਣੀਆਂ ਜਾਨਾਂ ਸਿੱਖੀ ਦੇ ਲੇਖੇ ਕਿਉਂ ਲਾਉਂਦੇ ?

ਸੰਤ ਭਿੰਡਰਾਂਵਾਲ਼ਿਆਂ ਅਤੇ ਉਹਨਾਂ ਦੇ ਟਕਸਾਲੀ ਜਥੇ ਦਾ ਪ੍ਰਚਾਰ ਸੁਣ ਕੇ ਨੌਜਵਾਨਾਂ ਦੇ ਸਿਰਾਂ ਉੱਤੇ ਦਸਤਾਰਾਂ ਅਤੇ ਲੜਕੀਆਂ ਦੇ ਸਿਰਾਂ ਉੱਤੇ ਚੁੰਨੀਆਂ-ਕੇਸਕੀਆਂ ਆ ਜਾਂਦੀਆਂ ਸਨ, ਨਸ਼ਿਆਂ ਅਤੇ ਹੋਰ ਅਲਾਮਤਾਂ ਤੋਂ ਲੋਕ ਦੂਰ ਹੋ ਕੇ ਧਰਮੀ ਬਣ ਜਾਂਦੇ ਸਨ। ਇੱਕ ਹਿੰਦੂ ਪੰਡਿਤ ਜਗਦੀਸ਼ ਰਾਏ ਦੇ ਪੁੱਤਰ ਅਸ਼ੋਕ ਕੁਮਾਰ ਨੇ ਸੰਤਾਂ ਦਾ ਪ੍ਰਭਾਵ ਐਨਾ ਕਬੂਲਿਆ ਕਿ ਉਹ ਵੀ ਅੰਮ੍ਰਿਤ ਛਕਣ ਲਈ ਤਿਆਰ-ਬਰ-ਤਿਆਰ ਹੋ ਗਿਆ। ਅੰਮ੍ਰਿਤ ਸੰਚਾਰ ਵਾਲ਼ੇ ਜਥੇ ਨੇ ਉਸ ਦੀ ਪਰਖ਼ ਕਰਨ ਤੇ ਦ੍ਰਿੜਤਾ ਵੇਖਣ ਲਈ ਕਿਹਾ ਕਿ "ਅੰਮ੍ਰਿਤ ਛਕ ਕੇ ਰਹਿਤ ਰੱਖਣੀ ਪੈਣੀ ਹੈ ਤੇ ਜੇ ਕੋਈ ਅੰਮ੍ਰਿਤ ਛਕ ਕੇ ਰਹਿਤ ਨਾ ਰੱਖੇ ਤਾਂ ਅਸੀਂ ਬਹੁਤ ਕਰੜੀ ਸਜ਼ਾ ਦਿੰਦੇ ਹਾਂ, ਮਿੱਟੀ ਦਾ ਤੇਲ ਪਾ ਕੇ ਜਿਉਂਦੇ ਨੂੰ ਅੱਗ ਲਾ ਦਿੰਦੇ ਹਾਂ।"

ਅਸ਼ੋਕ ਕੁਮਾਰ ਨੇ ਕਮਾਲ ਕਰ ਵਿਖਾਇਆ। ਉਸ ਨੇ ਤੁਰੰਤ ਮਿੱਟੀ ਦੇ ਤੇਲ ਦਾ ਪੀਪਾ ਭਰ ਕੇ ਲਿਆਂਦਾ ਤੇ ਕਿਹਾ "ਖ਼ਾਲਸਾ ਜੀ! ਜੇ ਮੈਂ ਮਰਯਾਦਾ ਨਾ ਨਿਭਾਵਾਂਗਾ ਤਾਂ ਮੈਨੂੰ ਜਿਊਣ ਦਾ ਕੋਈ ਹੱਕ ਨਹੀਂ, ਮੈਨੂੰ ਤੇਲ ਪਾ ਕੇ ਸਾੜ ਦਿਓ।"

ਸੰਗਤ ਜੀ! ਤੁਸੀਂ ਹੈਰਾਨ ਹੋਵੋਗੇ। ਏਹੀ ਅਸ਼ੋਕ ਕੁਮਾਰ ਜੋ ਅੰਮ੍ਰਿਤ ਛਕ ਕੇ ਭਾਈ ਹਰਦੇਵ ਸਿੰਘ ਬਣਿਆ, ਸੰਤਾਂ ਦੀ ਸੰਗਤ ਵਿੱਚ ਰਿਹਾ, ਧਰਮ ਯੁੱਧ ਮੋਰਚੇ 'ਚ ਸਰਗਰਮੀ ਕੀਤੀ ਤੇ ਫਿਰ ਸੰਤ ਭਿੰਡਰਾਂਵਾਲ਼ਿਆਂ ਦੇ ਨਾਲ਼ ਹੀ ਸ੍ਰੀ ਦਰਬਾਰ ਸਾਹਿਬ ਦੀ ਅਜ਼ਮਤ ਦੀ ਰਾਖੀ ਕਰਦਿਆਂ ਆਪਣਾ ਸੀਸ ਵਾਰ ਗਿਆ। ਅਸ਼ੋਕ ਕੁਮਾਰ ਨੂੰ ਪਤਾ ਲੱਗ ਗਿਆ ਸੀ ਕਿ ਸੰਤਾਂ ਦੀ ਲੜਾਈ ਹਿੰਦੂਆਂ ਨਾਲ਼ ਨਹੀਂ ਬਲਕਿ ਹਿੰਦ ਸਰਕਾਰ ਨਾਲ਼ ਹੈ। ਹਿੰਦੂ ਪਰਿਵਾਰਾਂ ਵਿੱਚੋਂ ਭਾਈ ਹਰਦੇਵ ਸਿੰਘ ਭੋਲੀ ਪੰਡਤ ਅਤੇ ਭਾਈ ਅਜੀਤ ਸਿੰਘ ਫ਼ਿਰੋਜ਼ਪੁਰ ਨੇ ਵੀ ਘੱਲੂਘਾਰੇ 'ਚ ਜੂਝ ਕੇ ਸ਼ਹਾਦਤਾਂ ਪਾਈਆਂ।

ਅੱਜ ਵੀ ਜਿਹੜੇ ਹਿੰਦੁਤਵੀਏ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦਾ ਵਿਰੋਧ ਕਰਦੇ ਹਨ, ਉਹਨਾਂ ਦੀਆਂ ਤਸਵੀਰਾਂ ਵੇਖ ਕੇ ਕੰਬਦੇ ਹਨ, ਪੁਤਲੇ ਸਾੜਦੇ ਹਨ, ਮੰਦੀ ਸ਼ਬਦਾਵਲੀ ਬੋਲਦੇ ਹਨ ਉਹਨਾਂ ਦੀ ਸੌੜੀ ਸੋਚ ਅਤੇ ਬਿਮਾਰ ਮਾਨਸਿਕਤਾ 'ਤੇ ਤਰਸ ਆਉਂਦਾ ਹੈ। ਸੰਤਾਂ ਦੀ ਸ਼ਖ਼ਸੀਅਤ ਨੂੰ ਧੁੰਦਲੀ ਕਰਨ ਦਾ ਯਤਨ ਕਰਨ ਵਾਲ਼ੇ ਖ਼ੁਦ ਆਪਣਾ ਜਲੂਸ ਕਢਵਾ ਰਹੇ ਹਨ ਪਰ ਸੰਤ ਜੀ ਤਾਂ ਦਿਨੋਂ-ਦਿਨ ਸੂਰਜ ਵਾਂਗ ਚਮਕਦੇ ਜਾਂਦੇ ਹਨ, ਸਿਆਣੇ ਅਤੇ ਸਮਝਦਾਰ ਹਿੰਦੂ ਉਹਨਾਂ ਦਾ ਸਤਿਕਾਰ ਕਰਦੇ ਹਨ ਤੇ ਸ੍ਰੀ ਦਰਬਾਰ ਸਾਹਿਬ 'ਚ ਸਥਿਤ ਉਹਨਾਂ ਦੇ ਅਸਥਾਨ ਗੁਰਦੁਆਰਾ ਸ਼ਹੀਦੀ ਯਾਦਗਾਰ ਵਿਖੇ ਨਤਮਸਤਕ ਹੁੰਦੇ ਹਨ। ਧਰਮ ਯੁੱਧ ਮੋਰਚੇ ਸਮੇਂ ਸੰਤ ਭਿੰਡਰਾਂਵਾਲ਼ਿਆਂ ਵੱਲੋਂ ਹਿੰਦੂਆਂ ਬਾਰੇ ਦਿੱਤੇ ਬਿਆਨਾਂ 'ਤੇ ਅਗਲੇ ਲੇਖ ਵਿੱਚ ਹੋਰ ਵਿਚਾਰ ਪੇਸ਼ ਕਰਾਂਗਾ।



**- ਰਣਜੀਤ ਸਿੰਘ**
**ਦਮਦਮੀ ਟਕਸਾਲ**
(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ)
ਮੋ: 88722-93883

### ਭਾਈ ਕੁਲਵਿੰਦਰਜੀਤ ਸਿੰਘ ਖਾਨਪੁਰੀ ਅਤੇ ਹੋਰ ਬੰਦੀ ਸਿੰਘਾਂ ਨੂੰ ਮੁਕਤਸਰ ਜੇਲ੍ਹ ਪ੍ਰਸ਼ਾਸ਼ਨ ਵਲੋਂ

# ਕੇਸਾਂ ਦੀਆਂ ਤਰੀਕਾਂ 'ਤੇ ਨਹੀਂ ਕੀਤਾ ਜਾ ਰਿਹਾ ਪੇਸ਼

**ਨਵੀਂ ਦਿੱਲੀ, 18 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਮੁਕਤਸਰ ਸਾਹਿਬ ਦੀ ਜੇਲ੍ਹ ਅੰਦਰ ਬੰਦ ਖਾੜਕੂ ਭਾਈ ਕੁਲਵਿੰਦਰਜੀਤ ਸਿੰਘ ਖਾਨਪੁਰੀ ਅਤੇ ਹੋਰ ਬੰਦੀ ਸਿੰਘਾਂ ਨੂੰ ਜੇਲ੍ਹ ਪ੍ਰਸ਼ਾਸ਼ਨ ਵਲੋਂ ਵੱਖ ਵੱਖ ਅਦਾਲਤ ਅੰਦਰ ਉਨ੍ਹਾਂ ਤੇ ਚਲ ਰਹੇ ਕੇਸਾਂ ਦੀਆਂ ਤਰੀਕਾ ਤੇ ਪੇਸ਼ ਨਹੀਂ ਕੀਤਾ ਜਾ ਰਿਹਾ ਹੈ । ਪਰਿਵਾਰਿਕ ਮੁਲਾਕਾਤ ਦੌਰਾਨ ਭਾਈ ਖਾਨਪੁਰੀ ਨੇ ਦਸਿਆ ਕਿ ਜੇਲ੍ਹ ਪ੍ਰਸ਼ਾਸ਼ਨ ਉਨ੍ਹਾਂ ਨੂੰ ਰੋਜ਼ਾਨਾ ਗੁਰੂਘਰ ਅੰਦਰ ਨਹੀਂ ਜਾਣ ਦੇਂਦੇ ਹਨ ਤੇ ਨਾ ਹੀ ਗੁਰਬਾਣੀ ਸੁਣਨ ਪੜਨ ਲਈ ਕੋਈ ਸਾਧਨ ਨਹੀਂ ਦੇ ਰਹੇ ਹਨ ਜੋ ਕਿ ਕੈਦੀ ਦੇ ਮੌਲਿਕ ਅਧਿਕਾਰਾਂ ਦੀ ਘੋਰ ਉਲੰਘਣਾ ਹੈ । ਉਨ੍ਹਾਂ ਦੇ ਪਰਿਵਾਰਿਕ ਮੈਂਬਰ ਨੇ ਦਸਿਆ ਕਿ ਭਾਈ ਖਾਨਪੁਰੀ ਦੀ ਅਜ ਮੋਹਾਲੀ ਅਤੇ ਪਟਿਆਲਾ ਅਦਾਲਤ ਪੇਸ਼ੀ ਸੀ ਪਰ ਜੇਲ੍ਹ ਪ੍ਰਸ਼ਾਸ਼ਨ ਵਲੋਂ "ਨਾ ਤਾਂ ਨਿੱਜੀ ਤੌਰ ਤੇ" ਅਤੇ, "ਨਾ ਹੀ ਵੀਡੀਓ ਕਾਨਫਰੰਸ ਰਾਹੀਂ" ਅਦਾਲਤ ਅੰਦਰ ਪੇਸ਼ ਕੀਤਾ ਗਿਆ ਸੀ, ਜਦੋ ਇਸ ਬਾਰੇ ਭਾਈ ਖਾਨਪੁਰੀ ਨੇ ਜੇਲ੍ਹ ਪ੍ਰਸ਼ਾਸ਼ਨ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਵਲੋਂ ਭੱਦਾ ਜੁਆਬ ਦਿੱਤਾ ਗਿਆ ਸੀ । ਉਨ੍ਹਾਂ ਕਿਹਾ ਕਿ ਜਦੋ ਬੰਦੀ ਸਿੰਘਾਂ ਨੂੰ ਅਦਾਲਤ ਅੰਦਰ ਪੇਸ਼ ਹੀ ਨਹੀਂ ਕੀਤਾ ਜਾਏਗਾ ਤਾਂ ਉਨ੍ਹਾਂ ਤੇ ਪਾਏ ਗਏ ਕੇਸ ਕਿਦਾਂ ਖ਼ਤਮ ਹੋਣਗੇ ਤੇ ਸਾਲੋ ਸਾਲ ਕੇਸ ਲਮਕਦੇ ਰਹਿਣਗੇ ਇਸ ਤਰ੍ਹਾਂ ਬੰਦੀ ਸਿੰਘਾਂ ਨੂੰ ਮਾਨਸਿਕ ਅਤੇ ਸ਼ਰੀਰਕ ਤੌਰ ਪ੍ਰੇਸ਼ਾਨ ਕੀਤਾ ਜਾਂਦਾ ਹੈ ਜਦਕਿ ਵਧੇਰੇ ਕੇਸ ਫਰਜ਼ੀ ਹੁੰਦੇ ਹਨ । ਭਾਈ ਖਾਨਪੁਰੀ ਨੇ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਅਤੇ ਐਸਜੀਪੀਸੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਵੱਖ ਵੱਖ ਜੇਲ੍ਹਾਂ ਅੰਦਰ ਬੰਦ ਬੰਦੀ ਸਿੰਘਾਂ ਨੂੰ ਆ ਰਹੀਆਂ ਪ੍ਰੇਸ਼ਾਨੀ ਦਾ ਹੱਲ ਕਰਣ ਲਈ ਉੱਚ ਪੱਧਰੀ ਕਮੇਟੀ ਬਣਾ ਕੇ ਜੇਲ੍ਹ ਪ੍ਰਸ਼ਾਸ਼ਨ ਕੋਲੋਂ ਪ੍ਰੇਸ਼ਾਨੀਆਂ ਦਾ ਹੱਲ ਕਰਵਾਇਆ ਜਾਏ । ਪਰਿਵਾਰਿਕ ਮੈਂਬਰਾਂ ਨੇ ਮਨੁੱਖੀ ਅਧਿਕਾਰ ਦੇ ਰਾਖੇ ਸੰਸਥਾਵਾਂ ਅਤੇ ਅਦਾਲਤ ਅੰਦਰ ਬੰਦੀ ਸਿੰਘਾਂ ਦੇ ਮਾਮਲੇ ਦੇਖ ਰਹੇ ਜੱਜ ਸਾਹਿਬਾਨਾਂ ਨੂੰ ਇਸ ਬਾਰੇ ਨਿੱਜੀ ਤੌਰ ਤੇ ਦਖਲ ਦੇਣ ਦੀ ਮੰਗ ਕੀਤੀ ਹੈ ।



### ਬੰਦੀ ਸਿੰਘਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਦਾ ਐਸਜੀਪੀਸੀ ਅਤੇ ਸੰਬੰਧਿਤ ਜੱਜ ਸਾਹਿਬਾਨ ਲੈਣ ਨੋਟਿਸ

# ਭਾਕਿਯੂ ਡਕੌਂਦਾ ਦਾ ਘੁੰਮਣ ਕਲਾਂ ਟੋਲ ਪਲਾਜ਼ਾ 50ਵੇਂ ਦਿਨ ਸ਼ਾਮਿਲ

ਤਲਵੰਡੀ ਸਾਬੋ/ਮੌੜ ਮੰਡੀ, 18 ਸਤੰਬਰ (ਗੁਰਜੰਟ ਸਿੰਘ ਨਥੇਹਾ)– ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦਾ ਨਜਾਇਜ ਲੱਗਿਆ ਘੁੰਮਣ ਕਲਾਂ ਟੋਲ ਪਲਾਜ਼ਾ ਪਟਵਾਉਣ ਲਈ ਪੱਕਾ ਮੋਰਚਾ 50ਵੇਂ ਦਿਨ ਵੀ ਜਾਰੀ ਰਿਹਾ। ਇਸ ਦੌਰਾਨ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਬਾਦਲ ਸਰਕਾਰ ਵੇਲੇ ਆਪਣੇ ਚਹੇਤਿਆਂ ਨੂੰ ਛੱਡੀ ਖੁੱਲੀ ਖੇਡ ਦਾ ਨਤੀਜਾ ਹੈ ਇਹ ਨਜਾਇਜ ਟੋਲ ਪਲਾਜੇ ਦਾ ਲੱਗਣਾ ਜਿਸ ਕਾਰਨ ਰੋਜ਼ਾਨਾ ਇਸ ਖੰਡਰ ਬਣੇ ਘੁੰਮਣ ਕਲਾਂ ਟੋਲ ਪਲਾਜੇ ਤੇ ਹਾਦਸੇ ਵਾਪਰ ਰਹੇ ਹਨ। ਉਹਨਾਂ ਅੱਗੇ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦਾ ਨਾਜਾਇਜ਼ ਟੋਲ ਪਲਾਜੇ ਚੁਕਵਾਉਣ ਲਈ ਲੱਗਿਆ ਇਹ ਪੰਜਵਾਂ ਮੋਰਚਾ ਇਸ ਤੋਂ ਪਹਿਲਾਂ ਪੱਖੋ ਕੈਂਚੀਆਂ ਟੋਲ ਪਲਾਜ਼ਾ, ਢੈਪਈ ਟੋਲ ਪਲਾਜ਼ਾ ਜਥੇਬੰਦੀ ਵੱਲੋਂ ਢਾਹੇ ਗਏ ਹਨ ਅਤੇ ਮੁਕਤਸਰ ਸਾਹਿਬ ਵਿਖੇ ਵੜਿੰਗ ਟੋਲ ਪਲਾਜੇ ਤੇ ਮੋਰਚਾ ਜਾਰੀ ਹੈ। ਇਸ ਸਮੇਂ ਸੂਬਾ ਪ੍ਰੈਸ ਸਕੱਤਰ ਇੰਦਰਪਾਲ ਸਿੰਘ ਨੇ ਕਿਹਾ ਕਿ ਸਰਕਾਰ ਨੇ ਸੜਕੀ ਮਹਿਕਮੇ ਅਧੀਨ ਆਉਂਦੇ ਪ੍ਰੋਜੈਕਟਾਂ ਨੂੰ ਪ੍ਰਾਈਵੇਟ ਅਦਾਰਿਆਂ ਨੂੰ ਦੇਣ ਦਾ ਮੁੱਢ ਅੱਜ ਤੋਂ 20 ਸਾਲ ਪਹਿਲਾਂ ਬੰਨ ਦਿੱਤਾ ਸੀ ਜਦ ਪੀ.ਡਬਲਯੂ.ਡੀ ਮਹਿਕਮੇ ਨੂੰ ਘਾਟੇ ਦਾ ਮਹਿਕਮਾ ਵਿਖਾ ਕਾਰਪੋਰੇਟ ਘਰਾਣਿਆਂ ਨੂੰ ਸੋਪਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ। ਇਸ ਸਮੇਂ ਕਿਸਾਨਾਂ ਦੇ ਗਹਿ ਗੱਚ ਇਕੱਠ ਨੂੰ ਵੇਖ ਪ੍ਰਸ਼ਾਸ਼ਨ ਹਰਕਤ ਵਿੱਚ ਆਇਆ ਅਤੇ ਡਿਪਟੀ ਕਮਿਸ਼ਨਰ ਬਠਿੰਡਾ ਨੇ ਏ.ਡੀ.ਸੀ. ਦੀ ਡਿਊਟੀ ਲਗਾਉਂਦਿਆਂ ਟੋਲ ਪਲਾਜ਼ਾ ਤੇ ਪਹੁੰਚਿਆ ਅਤੇ ਉਹਨਾਂ ਜਥੇਬੰਦੀ ਦੀ ਮੰਗ ਨੂੰ ਜਾਇਜ਼ ਮੰਨਦਿਆਂ ਇਸ ਟੋਲ ਪਲਾਜੇ ਨੂੰ ਪਟਵਾਉਣ ਲਈ ਸਮਾਂ ਮੰਗਿਆ ਜਿਸ ਤੇ ਜਥੇਬੰਦੀ ਨੇ ਵਿਸ਼ਵਾਸ ਕਰਦਿਆਂ ਕੁੱਝ ਦਿਨਾਂ ਦਾ ਸਮਾਂ ਦਿੱਤਾ ਅਤੇ ਐਲਾਨ ਕੀਤਾ ਅਗਰ ਪ੍ਰਸ਼ਾਸ਼ਨ ਨੇ ਵਾਧਾ ਪੂਰਾ ਨਾ ਕੀਤਾ ਤਾਂ ਜਥੇਬੰਦੀ ਇਸ ਟੋਲ ਪਲਾਜੇ ਨੂੰ ਆਪ ਨਸ਼ਟ ਕਰੇਗੀ। ਇਸ ਨਾਲ ਹੀ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਮਹਿੰਦਰ ਸਿੰਘ ਭੈਣੀ ਬਾਘਾ ਅਤੇ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਭਾਈ ਰੂਪਾ ਨੇ ਮੌੜ ਮੰਡੀ ਦੇ ਕੁਝ ਆੜਤੀਆਂ ਤੋਂ ਕਿਸਾਨਾਂ ਦੇ ਦੱਬੇ ਪੈਸੇ ਵਾਪਸ ਕਰਵਾਏ ਜਾਣਗੇ ਜਿਸ ਤਰ੍ਹਾਂ ਨੈਣੇਵਾਲ ਆੜਤੀਏ ਤੋਂ ਵਾਪਸ ਕਰਵਾਏ ਸਨ। ਇਸ ਸਮੇਂ ਧਰਨੇ ਨੂੰ ਸੂਬਾ ਕਮੇਟੀ ਮੈਂਬਰ ਲਛਮਣ ਸਿੰਘ ਚੱਕ ਅਲੀਸ਼ੇਰ, ਜ਼ਿਲ੍ਹਾ ਮਾਨਸਾ ਤੋਂ ਜਨਰਲ ਸਕੱਤਰ ਸਤਪਾਲ ਵਰੇ, ਰਾਜ ਅਕਲੀਆ, ਸ਼ਿੰਦਰਪਾਲ ਕੌਰ, ਸੁਖਵਿੰਦਰ ਸਿੰਘ, ਹਰਦੇਵ ਸਿੰਘ ਰਾਠੀ, ਬਠਿੰਡਾ ਤੋਂ ਰਾਜਮਹਿੰਦਰ ਸਿੰਘ ਕੋਟਭਾਰਾ, ਬਲਕਰਨ ਸਿੰਘ, ਬੂਟਾ ਸਿੰਘ ਤੁੰਗਵਾਲੀ, ਸਵਰਨ ਸਿੰਘ ਭਾਈ ਰੂਪਾ, ਸੋਨੂੰ ਅਜ਼ਾਦ ਲਹਿਰੀ ਆਦਿ ਆਗੂਆਂ ਨੇ ਸੰਬੋਧਨ ਕੀਤਾ।



ਆਵਾਜ਼ਿ ਕੌਮ AWAZE QAUM International Newspaper & WEB TV

### ਖਾਲਸਾ ਕਾਲਜ ਮਹਿਤਾ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ

# 450 ਸਾਲਾ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਸੈਮੀਨਾਰ ਕਰਵਾਇਆ

**ਚੌਕ ਮਹਿਤਾ, 18 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )** -ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਅਤੇ ਸ਼ਤਾਬਦੀ ਜੋੜ ਮੇਲਾ ਗੁਰਦੁਆਰਾ ਬਾਉਲੀ ਸਾਹਿਬ ਜੀ ਸ੍ਰੀ ਗੋਇੰਦਵਾਲ ਸਾਹਿਬ ਨੂੰ ਸਮਰਪਿਤ ਸੈਮੀਨਾਰ ਕਰਵਾਇਆ। ਇਸ ਮੌਕੇ ਤੇ ਅਦਾਰੇ ਦੇ ਹੋਣਹਾਰ ਵਿਦਿਆਰਥੀਆਂ ਕੋਮਲਪ੍ਰੀਤ ਕੌਰ ,ਦਮਨਪ੍ਰੀਤ ਕੌਰ , ਦਿਲਰਾਜ ਸਿੰਘ ਨੇ ਸ਼ਬਦ ਗਾਇਨ, ਸਹਿਜਪ੍ਰੀਤ ਸਿੰਘ, ਆਕਾਸ਼ਦੀਪ ਸਿੰਘ, ਨੇ ਕਵੀਸ਼ਰੀ ਅਤੇ ਰਮਨਪ੍ਰੀਤ ਕੌਰ ਨੇ ਭਾਸ਼ਣ ਰਾਹੀਂ ਗੁਰੂ ਸਾਹਿਬ ਜੀ ਦੇ ਮਹਾਨ ਜੀਵਨ ਨੂੰ ਬਿਆਨ ਕੀਤਾ। ਅਤੇ ਅੰਤ ਵਿੱਚ ਇਹਨਾਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਕਾਲਜ ਦੇ ਪ੍ਰਿੰਸੀਪਲ ਸ: ਗੁਰਦੀਪ ਸਿੰਘ ਜਲਾਲ ਉਸਮਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਸਹਿਜ, ਸੇਵਾ, ਸਮਰਪਣ ਅਤੇ ਦ੍ਰਿੜਤਾ ਵਾਲੇ ਜੀਵਨ ਦੀ ਵਡਿਆਈ ਕਰਦਿਆਂ ਆਖਿਆ ਕਿ ਤੀਸਰੇ ਪਾਤਸ਼ਾਹ ਨੇ ਗੁਰਤਾਗੱਦੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਕਈ ਸਾਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਨਿਰੰਤਰ ਸੇਵਾ ਕੀਤੀ ਅਤੇ ਰੋਜ਼ਾਨਾ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਜਾ ਕੇ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਲਿਆ ਕੇ ਇਸ਼ਨਾਨ ਦੀ ਸੇਵਾ ਕਰਦੇ ਰਹੇ ਗੁਰੂ ਸਾਹਿਬ ਜੀ ਦੀ ਇਹ ਸੇਵਾ ਘਾਲਣਾ ਸਿੱਖ ਜਗਤ ਲਈ ਸਦੀਵੀਂ ਪ੍ਰੇਰਨਾ ਦਾ ਅੱਤ ਅਹਿਮ ਸੋਮਾ ਹੈ। ਨੌਜਵਾਨ ਪੀੜੀ ਨੂੰ ਅਪੀਲ ਕਰਦਿਆਂ ਉਹਨਾਂ ਕਿਹਾ ਕਿ ਇਸ ਘੋਰ ਕਲਯੁੱਗ ਵਿੱਚ ਗੁਰਬਾਣੀ ਅਤੇ ਸਿੱਖੀ ਸਿਦਕ ਹੀ ਆਦਮੀ ਨੂੰ ਪਾਪਾਂ ਤੋਂ ਰਹਿਤ ਅਤੇ ਨਿਵੇਕਲਾ ਬਣਾ ਸਕਦੇ ਹਨ। ਇਸ ਲਈ ਹਰੇਕ ਮਨੁੱਖ ਨੂੰ ਰੋਜ਼ਾਨਾ ਨਾਮ ਸਿਮਰਨ ਕਰਨਾ, ਪੂਰਨ ਸਿੱਖੀ ਸਰੂਪ ਵਿੱਚ ਰਹਿਣਾ ,ਸਿੱਖ ਇਤਿਹਾਸ ਨੂੰ ਯਾਦ ਰੱਖਣਾ ਅਤੇ ਗੁਰੂ ਦੇ ਹੁਕਮਨਾਮਿਆਂ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਕਾਲਜ ਦੇ ਪ੍ਰਿੰਸੀਪਲ ਸ: ਗੁਰਦੀਪ ਸਿੰਘ ਜਲਾਲ ਉਸਮਾ, ਕਾਲਜ ਸੁਪਰਡੈਂਟ ਕੁਲਦੀਪ ਕੌਰ , ਸਮੂਹ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀ ਸ਼ਾਮਿਲ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਦੇ ਵਿਦਿਆਰਥੀਆਂ ਦੀ ਹੋਈ ਸਟੇਟ ਪੱਧਰ ਤੇ ਚੋਣ




ਬਰਨਾਲਾ –(ਵਰਿਆਮ ਹਠੂਰ) ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਦੇ ਵਿਦਿਆਰਥੀਆਂ ਨੇ ਖੇਡਾਂ ਵਤਨ ਪੰਜਾਬ ਦੀਆਂ ਵਿੱਚੋ ਪੁਜੀਸ਼ਨਾਂ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਦੱਸਿਆ ਕਿ ਦਿਲਪ੍ਰੀਤ ਢਿੱਲੋਂ ਨੇ 60 ਮੀਟਰ ਦੌੜ, ਲਾਂਗ ਜੰਪ ਵਿੱਚੋ ਪਹਿਲਾਂ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਸਾਹਿਬਦੀਪ ਸਿੰਘ ਨੇ ਸ਼ਾਟ ਪੁੱਟ ਵਿੱਚੋ ਪਹਿਲਾ ਸਥਾਨ ਅਤੇ ਸਿਮਰਨਪ੍ਰੀਤ ਕੌਰ ਨੇ ਬੈਡਮਿੰਟਨ ਵਿੱਚ ਤੀਸਰਾ ਸਥਾਨ ਹਾਸਿਲ ਕੀਤਾ। ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਕਿਹਾ ਕਿ ਸਾਨੂੰ ਬੱਚਿਆਂ ਤੇ ਬਹੁਤ ਮਾਣ ਹੈ, ਇਹਨਾਂ ਬੱਚਿਆਂ ਤੇ ਜੋ ਪੜ੍ਹਾਈ ਦੇ ਨਾਲ ਨਾਲ ਖੇਡਾਂ ਦੇ ਖੇਤਰ ਵਿਚ ਬਹੁਤ ਵੱਡੀਆਂ ਮੱਲਾਂ ਮਾਰ ਰਹੇ ਹਨ। ਉਹਨਾਂ ਦੱਸਿਆ ਕਿ ਸਾਡੇ ਸਕੂਲ ਦੇ ਵਿਦਿਆਰਥੀ ਹਰੇਕ ਖੇਡ ਮੁਕਾਬਲੇ ਵਿੱਚ ਚੰਗਾ ਪ੍ਰਦਰਸ਼ਨ ਕਰਦੇ ਆ ਰਹੇ ਹਨ। ਇਸ ਮੌਕੇ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਹਾਜ਼ਿਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕੇਜਰੀਵਾਲ ਦੀ ਇਨਕਲਾਬੀ ਸੋਚ ਨੂੰ ਕਦੇ ਵੀ ਦਬਾਇਆ ਨਹੀਂ ਜਾ ਸਕਦਾ : ਨਵਜੋਤ ਕੌਰ

ਧੂਰੀ ( ਰਣਜੀਤ ਸਿੰਘ ਪੇਧਨੀ ) ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਮਾਨਯੋਗ ਸੁਪਰੀਮ ਕੋਰਟ ਨੇ ਜ਼ਮਾਨਤ ਤੇ ਰਿਹਾਅ ਕਰ ਦਿੱਤਾ ਹੈ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਵਜੋਤ ਕੌਰ ਨੇ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕਰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਇੱਕ ਸੋਚ ਹਨ, ਸੋਚ ਨੂੰ ਨੂੰ ਕਦੇ ਕਦੇ ਵੀ ਦਬਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਭਾਜਪਾ ਨੇ ਗੰਦੀਆਂ ਖੇਡਾਂ ਖੇਡਦਿਆਂ ਕੇਂਦਰ ਸਰਕਾਰ ਵੱਲੋਂ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਝੂਠੇ ਮੁਕੱਦਮਿਆਂ ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵੀ ਕਥਿਤ ਸ਼ਰਾਬ ਘੁਟਾਲੇ ਵਿੱਚ ਬਿਨਾਂ ਠੋਸ ਸਬੂਤਾਂ ਦੇ ਜੇਲ ਵਿੱਚ ਬੰਦ ਕਰ ਦਿੱਤਾ ਗਿਆ ਸੀ। ਪਰ ਮਾਣਯੋਗ ਸੁਪਰੀਮ ਕੋਰਟ ਵੱਲੋਂ ਦੰਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਦਿਆਂ ਸਾਰੀ ਅਰਵਿੰਦ ਕੇਜਰੀਵਾਲ ਨੂੰ ਜਮਾਨਤ ਤੇ ਰਿਹਾਅ ਕਰ ਦਿੱਤਾ ਗਿਆ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# "ਏਕ ਭਾਰਤ ਸ੍ਰੇਸ਼ਠ ਭਾਰਤ" ਪ੍ਰੋਗਰਾਮ ਤਹਿਤ ਜੇਤੂ ਵਿਦਿਆਰਥੀ ਕੀਤੇ ਸਨਮਾਨਿਤ



**ਚੌਕ ਮਹਿਤਾ, 18 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਮਾਨਯੋਗ ਜ਼ਿਲ੍ਹਾ ਸਿੱਖਿਆ ਸੈਕੰਡਰੀ ਸਿੱਖਿਆ ਸ੍ਰ ਹਰਭਗਵੰਤ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਸੀਨੀਅਰ ਸੈਕੰਡਰੀ ਸ੍ਰੀ ਰਾਜੇਸ਼ ਸ਼ਰਮਾ ਦੀ ਅਗਵਾਈ ਅਤੇ ਦਿਸ਼ਾ ਨਿਰਦੇਸ਼ਾ ਅਨੁਸਾਰ "ਏਕ ਭਾਰਤ ਸ੍ਰੇਸ਼ਠ ਭਾਰਤ" ਪ੍ਰੋਗਰਾਮ ਅਧੀਨ ਜ਼ਿਲ੍ਹਾ ਪੱਧਰੀ ਸੋਲੋ ਫੋਕ ਡਾਂਸ ਅਤੇ ਸੋਲੋਂ ਪੇਂਟਿੰਗ ਮੁਕਾਬਲੇ ਸਕੂਲ ਆਫ ਐਮੀਨੇਂਸ ਮਾਲ ਰੋਡ ਵਿਖੇ ਕਰਵਾਏ ਗਏ ਜਿਸ ਵਿੱਚ 16ਸਤੰਬਰ 2024 ਨੂੰ ਛੇਵੀਂ ਤੋਂ ਅੱਠਵੀਂ ਅਤੇ 17 ਸਤੰਬਰ 2024 ਨੂੰ ਨੌਵੀਂ ਤੋਂ ਬਾਰ੍ਹਵੀਂ ਦੇ ਲੱਗਭਗ 200 ਵਿਦਿਅਰਥੀਆ ਨੇ ਭਾਗ ਲਿਆ ਇਸ ਮੌਕੇ ਜਿਲ੍ਹਾ ਸਿੱਖਿਆ ਅਫ਼ਸਰ ਸ੍ਰ ਹਰਭਗਵੰਤ ਸਿੰਘ ਨੇ ਕਿਹਾ ਕਿ "ਏਕ ਭਾਰਤ ਸ੍ਰੇਸ਼ਠ ਭਾਰਤ" ਪ੍ਰੋਗਰਾਮ ਜੋ ਕਿ ਭਾਰਤ ਸਰਕਾਰ ਵਲੋ 2015 ਤੋ ਸ਼ੁਰੂ ਕੀਤਾ ਗਿਆ ਸੀ ਇਸ ਵਿੱਚ ਪੰਜਾਬ ਨੂੰ ਆਂਧਰਾ ਪ੍ਰਦੇਸ਼ ਰਾਜ ਨਾਲ ਸੱਭਿਆਚਾਰ ਅਤੇ ਸੰਸਕ੍ਰਿਤੀ ਦੀ ਸਾਂਝ ਲਈ ਜੋੜਿਆ ਗਿਆ ਹੈ ਹਰ ਸਾਲ ਇਸ ਪ੍ਰੋਗਰਾਮ ਅਧੀਨ ਵੱਖ ਵੱਖ ਤਰ੍ਹਾ ਦੇ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਇਸ ਸਾਲ ਵੀ ਵਿਦਿਆਰਥੀਆ ਨੇ ਬਹੁਤ ਹੀ ਉਤਸ਼ਾਹ ਨਾਲ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲਿਆ ਇਸ ਉਪਰੰਤ ਜਿਲ੍ਹਾ ਸਿੱਖਿਆ ਅਫ਼ਸਰ ਹਰਭਗਵੰਤ ਸਿੰਘ ਅਤੇ ਉੱਪ ਜਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜੇਸ਼ ਸ਼ਰਮਾ ਵਲੋ ਜੇਤੂ ਵਿਦਿਆਰਥੀਆਂ ਨੂੰ ਟਰਾਫ਼ੀਆਂ ਅਤੇ ਸਾਰੇ ਪ੍ਰਤੀਯੋਗੀਆਂ ਨੂੰ ਸਰਟੀਫਕੇਟ ਦੇ ਕੇ ਸਨਮਾਨਿਤ ਕੀਤਾ ਇਹਨਾ ਸਾਰੇ ਮੁਕਾਬਲਿਆਂ ਦਾ ਵਧੀਆ ਪ੍ਰਬੰਧ ਲਈ ਉਹਨਾਂ ਨੇ "ਏਕ ਭਾਰਤ ਸ੍ਰੇਸ਼ਠ ਭਾਰਤ" ਪ੍ਰੋਗਰਾਮ ਦੇ ਜਿਲ੍ਹਾਂ ਨੋਡਲ ਅਫ਼ਸਰ ਪ੍ਰਿੰਸੀਪਲ ਸ੍ਰੀ ਮਤੀ ਮੋਨਿਕਾ ਅਤੇ ਸਹਿਯੋਗੀ ਪ੍ਰਿੰਸੀਪਲ ਮਨਦੀਪ ਕੌਰ,ਪ੍ਰਿੰਸੀਪਲ ਨਵਦੀਪ ਕੌਰ,ਪ੍ਰਿੰਸੀਪਲ ਹਰਪ੍ਰੀਤ ਸਿੰਘ, ਲੈਕ ਮਨਜੀਤ ਕੌਰ, ਲੈਕ ਪ੍ਰਦੀਪ ਕੁਮਾਰ,ਸ੍ਰੀ ਮਤੀ ਨਿਮਰਤਾਪਾਲ ਕੌਰ ਅਤੇ ਸ੍ਰੀ ਕੇਵਲ ਕ੍ਰਿਸ਼ਨ ਹਾਜ਼ਰ ਸਨ

ਆਵਾਜ਼ਿ ਕੌਮ AWAZE QAUM International Newspaper & WEB TV

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਗੁਰਤਾ ਗੱਦੀ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਜੋਤੀ ਜੋਤਿ

# 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ






**ਜੰਡਿਆਲਾ ਗੁਰੂ, 17 ਸਤੰਬਰ ( ਕੁਲਵੰਤ ਸਿੰਘ ਵਿਰਦੀ )**-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਜੋਤੀ-ਜੋਤਿ ਦਿਵਸ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਸੰਗੀਤ ਫਹਿਤ ਅਕੈਡਮੀ ਦੇ ਮੁੱਖ ਸੰਚਾਲਕ ਬਾਬਾ ਹਰੀ ਸਿੰਘ ਜੀ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਜੰਡਿਆਲਾ ਗੁਰੂ ਵਿਖੇ ਫੁੱਲਾਂ ਨਾਲ ਸੱਜੀ ਪਾਲਕੀ ਸਾਹਿਬ ਵਿੱਚ ਸ਼ਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਨਗਰ ਕੀਰਤਨ ਵਿੱਚ ਅੱਗੇ ਸੇਵਾਦਾਰਾਂ ਵੱਲੋਂ ਸਫ਼ਾਈ ਅਤੇ ਜਲ ਦੀ ਸੇਵਾ ਕੀਤੀ ਗਈ ਨਗਰ ਕੀਰਤਨ ਦੀ ਸ਼ੋਭਾ ਵਾਸਤੇ ਆਰਮੀ ਬੈਂਡ ਨਾਲ ਸਵਾਗਤ ਕੀਤਾ ਗਿਆ ਸੰਗਤਾਂ ਵੱਲੋਂ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦੇ ਜਾਪ ਕੀਤੇ ਗਏ ਨਗਰ ਕੀਰਤਨ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸ਼ੇਖ਼ਫੱਤਾ ਗੇਟ ਤੋਂ ਪਟੇਲ ਨਗਰ, ਅਜੀਤ ਸਿੰਘ ਮਲਹੋਤਰਾ ਦੇ ਕਾਰਖਾਨੇ ਤੋਂ ਠਠਿਆਰਾਂ ਵਾਲਾ ਬਜਾਰ, ਗੁਰਦੁਆਰਾ ਸਿੰਘ ਸਭਾ ਭਾਈ ਘਨ੍ਹਈਆ ਜੀ ਕਸ਼ਮੀਰੀਆ ਵਾਲਾ ਬਜਾਰ ਤੋਂ ਸ਼ੇਖ਼ਫੱਤਾ ਗੇਟ ਤੋਂ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਤੋਂ ਦੁਸਿਹਰਾ ਗਰਾਉਂਡ ਵੈਰੋਵਾਲ ਰੋਡ ਤੋਂ ਹੁੰਦਾ ਹੋਇਆ ਲੋਹ ਲੰਗਰ ਸ਼੍ਰੀ ਗੁਰੂ ਅਮਰਦਾਸ ਜੀ ਵਿਖੇ ਪਹੁੰਚਿਆ ਜਿੱਥੇ ਲੋਹ ਲੰਗਰ ਦੇ ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ ਜੀ ਪ੍ਰਬੰਧਕ ਕਮੇਟੀ ਵੱਲੋਂ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਜੀ ਭੇਟ ਕੀਤੀ ਅਤੇ ਗੁਰੂ ਸਾਹਿਬ ਜੀ ਦੀ ਗੋਦ ਵਿੱਚ ਬੈਠੇ ਭਾਈ ਸਾਹਿਬ ਜੀ ਨੂੰ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ ਅਤੇ ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਗਏ ਨਗਰ ਕੀਰਤਨ ਦਾ ਵੱਖ ਵੱਖ ਪੜਾਵਾਂ ਤੇ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਇਸ ਮੌਕੇ ਤੇ ਜੰਡਿਆਲਾ ਗੁਰੂ ਸ਼ਹਿਰ ਵਾਸੀਆਂ ਵੱਲੋਂ ਸੰਗਤਾਂ ਵਾਸਤੇ ਵੱਖ ਪਦਾਰਥਾਂ ਦੇ ਲੰਗਰ ਲਗਾਏ ਗਏ ਅਤੇ ਸ਼ਾਮ ਢਲਦਿਆਂ ਹੋਇਆਂ ਗੁਰਦੁਆਰਾ ਸੰਗੀਤ ਫਹਿਤ ਅਕੈਡਮੀ ਵਿਖੇ ਸਮਾਪਤ ਹੋਇਆ। ਅਤੇ ਸਮਾਪਤੀ ਮੌਕੇ ਬਾਬਾ ਹਰੀ ਸਿੰਘ ਜੀ ਵੱਲੋਂ ਸਮੂਹ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਧੰਨਵਾਦ ਕੀਤਾ ਗਿਆ।

ਹਰਿਆਣਾ ਦੇ ਲੋਕ ਨਾਲਵਾ ਹਲਕੇ 'ਚ

# ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦੇਣਗੇ: ਚੇਅਰਮੈਨ ਘੁੱਲੀ



ਧੂਰੀ ( ਰਣਜੀਤ ਸਿੰਘ ਪੇਧਨੀ ) ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਇਸ ਵਾਰ ਹਰਿਆਣਾ ਦੇ ਲੋਕ ਆਮ ਆਦਮੀ ਪਾਰਟੀ ਨੂੰ ਬਦਲਾਅ ਵਜੋਂ ਦੇਖ ਰਹੇ ਹਨ, ਜਿਸ ਦੇ ਚੱਲਦਿਆਂ ਇਸ ਵਾਰ ਹਰਿਆਣਾ ਵਿੱਚ ਵੀ ਆਮ ਆਦਮੀ ਪਾਰਟੀ ਦਾ ਝਾੜੂ ਚੱਲੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਸਪੋਰਟਸ ਵਿੰਗ ਪੰਜਾਬ ਦੇ ਜਰਨਲ ਸਕੱਤਰ ਸ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ, ਇੰਨਚਾਰਜ ਨਾਲਵਾ ਵਿਧਾਨ ਸਭਾ ਹਲਕਾ ਹਰਿਆਣਾ ਨੇ ਕੀਤਾ। ਉਨਾ ਕਿਹਾ ਕਿ ਆਪ ਦੇ ਉਮੀਦਵਾਰ ਉਮੇਸ ਸਰਮਾ ਨਾਲਵਾ ਹਲਕੇ ਤੋਂ ਵੱਡੇ ਮਾਰਜਨ ਨਾਲ ਜਿੱਤ ਕੇ ਇਤਿਹਾਸ ਬਣਾਉਣਗੇ ਅਤੇ ਸਮੁੱਚੇ ਹਰਿਆਣਾ ਪ੍ਰਦੇਸ਼ ਵਿੱਚ ਇਸ ਵਾਰ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਹਿਨੁਮਾਈ ਹੇਠ ਆਮ ਆਦਮੀ ਪਾਰਟੀ ਦੀ ਹਵਾ ਚੱਲ ਰਹੀ ਹੈ। ਉਨਾ ਕਿਹਾ ਕਿ ਹਰਿਆਣਾ ਵਿੱਚ ਆਮ ਆਦਮੀ ਪਾਰਟੀ ਦੇ ਆਗੂਆਂ ਦੇ ਵਿਚਾਰ ਸੁਣਨ ਲਈ ਲੋਕ ਵੱਡੀ ਗਿਣਤੀ ਵਿੱਚ ਮੀਟਿੰਗਾਂ ਅਤੇ ਰੈਲੀਆਂ ਵਿੱਚ ਪਹੁੰਚ ਰਹੇ ਹਨ। ਪੰਜਾਬ ਵਿੱਚ ਜਿਸ ਤਰੀਕੇ ਨਾਲ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਸਿਹਤ ਸਹੂਲਤਾਂ, ਸਕੂਲ ਆਫ ਐਮੀਨੈਂਸ ਅਤੇ 300 ਯੂਨਿਟ ਪ੍ਰਤੀ ਮਹੀਨਾ ਫਰੀ ਬਿਜਲੀ ਦਿੱਤੀ ਜਾ ਰਹੀ ਹੈ ਉਸ ਦਾ ਅਸਰ ਹਰਿਆਣਾ ਦੇ ਲੋਕਾਂ ਉੱਪਰ ਵੇਖਣ ਨੂੰ ਮਿਲ ਰਿਹਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਫੌਜੀ ਸੀਤਾ ਰਾਮ ਹਿੰਦਵਾਨ,ਬਲਾਕ ਪ੍ਰਧਾਨ ਊਧਮ ਸਿੰਘ ਬੂਰਾ, ਆਪ ਆਗੂ ਜਗਦੀਪ ਸਿੰਘ ਯੋਧਾ ਸਾਹੀਵਾਲ, ਆਪ ਆਗੂ ਬਿੱਲਾ ਸਾਹੀਵਾਲ, ਆਪ ਆਗੂ ਨਿਰਮਲ ਸਿੰਘ, ਨੰਬਰਦਾਰ ਨਿਰਮਲਜੀਤ ਸਿੰਘ ਰਾਜੋਮਾਜਰਾ ਹਾਜਰ ਸਨ।

# ਸ਼ਹੀਦ ਭਗਤ ਸਿੰਘ ਟੈਕਨੀਕਲ ਯੂਨੀਵਰਸਿਟੀ ਦੇ ਸਟਾਫ਼ ਵੈਲਫੇਅਰ ਐਸੋਸੀਏਸ਼ਨ ਫਿਰੋਜ਼ਪੁਰ ਦੀ ਹੋਈ ਚੋਣ



ਫ਼ਿਰੋਜ਼ਪੁਰ, 18 ਸਤੰਬਰ (ਮਨੋਹਰ ਲਾਲ) :— ਸ਼ਹੀਦ ਭਗਤ ਸਿੰਘ ਟੈਕਨੀਕਲ ਯੂਨੀਵਰਸਿਟੀ ਦੇ ਸਟਾਫ਼ ਵੈਲਫੇਅਰ ਐਸੋਸੀਏਸ਼ਨ ਮੈਂਬਰਾਂ ਦੀ ਮੀਟਿੰਗ ਯੂਨਿਵਰਸਿਟੀ ਦੇ ਕੰਪਲੈਕਸ ਵਿਖੇ ਸ਼੍ਰੀ ਗੁਰਪ੍ਰੀਤ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਐਸੋਸੀਏਸ਼ਨ ਦੇ ਵੱਡੀ ਗਿਣਤੀ ਸਾਥੀ ਹਾਜ਼ਰ ਹੋਏ। ਇਸ ਸਮੇਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਵਿੱਤ ਸਕੱਤਰ ਸ੍ਰੀ ਮੋਹਿੰਦਰ ਸਿੰਘ ਧਾਲੀਵਾਲ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜਿਲਾ ਜਨਰਲ ਸਕੱਤਰ ਸ੍ਰੀ ਜਗਦੀਪ ਸਿੰਘ ਮਾਂਗਟ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਸਮੇਂ ਪਿਛਲੇ ਦਿਨੀਂ ਵਿਛੜੇ ਮੁਲਾਜ਼ਮ ਆਗੂ ਸ਼੍ਰੀ ਰਣਬੀਰ ਸਿੰਘ ਢਿੱਲੋਂ ਅਤੇ ਸ੍ਰੀ ਵੇਦ ਪ੍ਰਕਾਸ਼ ਸ਼ਰਮਾ ਨੂੰ ਸਮੂਹ ਹਾਜ਼ਰ ਸਾਥੀਆਂ ਨੇ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਵੱਖ—ਵੱਖ ਬੁਲਾਰਿਆਂ ਨੇ ਮੁਲਾਜ਼ਮਾਂ ਦੀਆ ਤਨਖਾਹਾਂ ਜਾਰੀ ਕਰਨ, ਮਹਿਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨ, ਤਨਖਾਹਾਂ ਦੀਆਂ ਗਰਾਂਟਾ ਜਾਰੀ ਕਰਨ ਦੀ ਪ੍ਰਸ਼ਾਸ਼ਨ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ। ਇਸ ਮੌਕੇ ਸ਼੍ਰੀ ਗੁਰਪ੍ਰੀਤ ਸਿੰਘ ਪ੍ਰਧਾਨ ਵੱਲੋ ਪਹਿਲੀ ਕਮੇਟੀ ਨੂੰ ਭੰਗ ਕੀਤਾ ਗਿਆ ਅਤੇ ਸਰਬ ਸਮੰਤੀ ਨਾਲ ਨਵੀਂ ਕਮੇਟੀ ਚੁਣੀ ਗਈ, ਜਿਸ ਵਿੱਚ ਜਗਮੀਤ ਸਿੰਘ ਪ੍ਰਧਾਨ, ਗੁਰਵਿੰਦਰ ਸਿੰਘ ਬਾਲੀ ਮੀਤ ਪ੍ਰਧਾਨ, ਮਦਨ ਓਨਿਆਲ ਜਨਰਲ ਸਕੱਤਰ, ਅਵਤਾਰ ਸਿੰਘ ਕੈਂਥ ਵਿੱਤ ਸਕੱਤਰ, ਜਗਦੀਪ ਸਿੰਘ ਮਾਂਗਟ ਪ੍ਰੈਸ ਸਕੱਤਰ, ਦੀਪਕ ਸ਼ਰਮਾ ਜੁਆਇੰਟ ਸਕੱਤਰ ਚੁਣੇ ਗਏ। ਬਾਕੀ ਅਹੁਦੇਦਾਰਾਂ ਦੀ ਚੋਣ ਅਗਲੀ ਮੀਟਿੰਗ ਵਿਚ ਕਰਨ ਦਾ ਐਲਾਨ ਕੀਤਾ ਗਿਆ। ਨਵੀਂ ਚੁਣੀ ਟੀਮ ਨੇ ਵਿਸ਼ਵਾਸ਼ ਦਵਾਇਆ ਕਿ ਉਹ ਸਾਂਝੇ ਫਰੰਟ ਦੇ ਹਰ ਐਕਸ਼ਨ ਵਿੱਚ ਹਾਜ਼ਰ ਹੋਣਗੇ। ਇਸ ਮੌਕੇ ਸਤਿੰਦਰ ਸ਼ਰਮਾ ਜਨਰਲ ਸਕੱਤਰ ਨੇ ਸਟੇਜ ਸਕੱਤਰ ਦੀ ਭੂਮਿਕਾ ਬੜੇ ਸੋਹਣੇ ਢੰਗ ਨਾਲ ਨਿਭਾਈ। ਇਸ ਮੌਕੇ ਮਹੇਸ ਹਾਂਡਾ, ਅਸ਼ੋਕ ਭਗਤ, ਬਲਵਿੰਦਰ ਸਿੰਘ, ਤਲਵਿੰਦਰ ਸਿੰਘ, ਰਾਜਿੰਦਰ ਕੁਮਾਰ, ਬਲਦੇਵ ਸਿੰਘ ਕੋਟੀਆ, ਰਵੀ ਗਰੋਵਰ, ਬਲਕਰਨ ਸਿੰਘ, ਜਸਵੀਰ ਸਿੰਘ, ਅਸ਼ੋਕ ਕੁਮਾਰ, ਬਲਤੇਜ ਸਿੰਘ, ਮਾਧੋ ਗੋਪਾਲ ਅਰੋੜਾ, ਪ੍ਰਵੀਨ ਕੁਮਾਰ ਖੁੱਲਰ, ਦਰਸ਼ਨ ਸਿੰਘ ਹੀਰਾ ਵਰਮਾ, ਗੁਰਮੀਤ ਸਿੰਘ ਗਿਲ, ਯੋਗਰਾਜ ਸੋਨੀ, ਪਰਮਜੀਤ ਸਿੰਘ ਆਦਿ ਨੇ ਵਿਚਾਰ ਰੱਖੇ।

# ਅਜਿਹਾ ਕਰਕੇ ਸਰਕਾਰ ਸਿੱਖ ਕੌਮ ਦਾ ਦਿੱਲ ਜਿੱਤੇ : ਭਾਈ ਜ਼ਸਪਾਲ ਸਿੰਘ



ਫ਼ਿਰੋਜ਼ਪੁਰ, 18 ਸਤੰਬਰ (ਮਨੋਹਰ ਲਾਲ) :— ਚੋਥੇ ਪਾਤਸ਼ਾਹ ਧੰਨ—ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਿਆਈ ਦਿਵਸ ਅਤੇ ਧੰਨ—ਧੰਨ ਸ੍ਰੀ ਗੁਰੂ ਅਮਰ ਦਾਸ ਜੀ ਦਾ ਜ਼ੋਤੀ ਜ਼ੋਤ ਦਿਵਸ ਜਾਂ ਇਸ ਵਾਰ 450 ਸਾਲਾ ਸ਼ਤਾਬਦੀ ਦੇ ਰੂਪ ਵਿਚ ਮਨਾਏ ਜਾ ਰਹੇ ਹਨ। ਇਨ੍ਹਾਂ ਸ਼ਤਾਬਦੀ ਸਮਾਗਮਾਂ ਦੀ ਇਕ ਖਾਸ ਮਹੱਤਤਾ ਹੈ ਜ਼ੋ ਆਪਣੀ ਜਿੰਦਗੀ ਵਿਚ ਦੁਬਾਰਾ ਨਹੀਂ ਆਉਣੀ। ਇਸ ਕਰਕੇ ਇਸ ਖਾਸ ਮਹੱਤਤਾ ਨੂੰ ਸਮਝਦੇ ਹੋਏ ਸਰਕਾਰ ਭਾਈ ਅੰਮ੍ਰਿਤਪਾਲ ਸਿੰਘ ਸਮੇਤ ਦੇਸ਼ ਦੀਆਂ ਵੱਖ—ਵੱਖ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨ ਜ਼ੋ ਆਪਣੀ ਬਣਦੀ ਸਜ਼ਾ ਤੋਂ ਕਿਲੇ ਵਧੇਰੇ ਸਜਾ ਕੱਟ ਚੁੱਕੇ ਹਨ, ਦੀ ਰਿਹਾਈ ਦਾ ਤੁਰੰਤ ਐਲਾਨ ਕਰੇ। ਅੱਜ ਇਥੇ ਗੱਲਬਾਤ ਕਰਦਿਆਂ ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ ਤੇ ਸਾਥੀਆਂ ਨੇ ਕਿਹਾ ਕਿ ਅਜਿਹਾ ਕਰਨ ਨਾਲ ਸਰਕਾਰ ਸਿੱਖ ਕੌਮ ਦਾ ਦਿੱਲ ਜਿੱਤ ਸਕਦੀ ਹੈ, ਕਿਉਂਕਿ ਦੇਸ਼ ਦੀ ਆਜ਼ਾਦੀ ਵਿਚ 90 ਫੀਸਦੀ ਤੋਂ ਵੱਧ ਕੁਰਬਾਨੀਆਂ ਦੇਣ ਵਾਲੀ ਸਿੱਖ ਕੌਮ ਦੇ ਦਿਲਾਂ ਵਿਚ ਅਰਾਜਕਤਾ ਅਤੇ ਬੇਚੈਨੀ ਦਾ ਮਾਹੌਲ ਬਣਿਆ ਹੋਣ ਕਰਕੇ ਅਤੇ ਦੇਸ਼ ਵਿਚ ਕਾਨੂੰਨ ਦੇ ਦੋਹਰੇ ਮਾਪਦੰਡ ਹੋਣ ਕਰਕੇ ਸਿੱਖ ਕੌਮ ਦੇ ਦਿਲਾਂ ਵਿਚ ਭਾਰੀ ਰੋਸ ਹੈ ਅਤੇ ਇਸ ਰੋਸ ਨੂੰ ਖਤਮ ਕਰਨ ਲਈ ਸਰਕਾਰ ਕੋਲ ਇਹ ਸੁਨਹਿਰੀ ਮੌਕਾ ਹੈ, ਜਿਸ ਦੀ ਉਸ ਨੂੰ ਕਦਰ ਕਰਨੀ ਚਾਹੀਦੀ ਹੈ ਅਤੇ ਬਿਨ੍ਹਾਂ ਦੇਰੀ ਕੀਤੇ ਸਮੁੱਚੇ ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਕਰਨ ਵਿਚ ਦੇਰੀ ਨਹੀਂ ਕਰਨੀ ਚਾਹੀਦੀ। ਇਸ ਸਮੇਂ ਭਾਈ ਜ਼ਸਪਾਲ ਸਿੰਘ ਨਾਲ ਸੁਖਦੇਵ ਸਿੰਘ ਲਾਡਾ, ਜਰਨੈਲ ਸਿੰਘ ਗਾਬੜੀਆ, ਡਾ: ਗੁਰਮੀਤ ਸਿੰਘ ਸਿੱਧੂ, ਜ਼ਸਬੀਰ ਸਿੰਘ ਤੇਗਾ ਸਿੰਘ ਵਾਲਾ, ਹਰਜਿੰਦਰ ਸਿੰਘ ਬੱਗਾ, ਜ਼ਸਬੀਰ ਸਿੰਘ ਜੱਸ, ਕੁਲਦੀਪ ਸਿੰਘ ਨੰਢਾ, ਗੁਰਦਰਸ਼ਨ ਸਿੰਘ ਬੱਬੀ, ਕਰਮਜੀਤ ਸਿੰਘ, ਕੁਲਦੀਪ ਸਿੰਘ ਲੋਕੋ, ਗੁਰਮਿੰਦਰ ਸਿੰਘ ਸਮੇਤ ਕਈ ਆਗੂ ਹਾਜ਼ਰ ਸਨ।

# ਰਾਸ਼ਟਰੀ ਮਾਣਕ ਇੰਸਪਾਇਰ ਐਵਾਰਡ ਵਿਚ ਫ਼ਿਰੋਜ਼ਪੁਰ ਦੀ ਭਾਗੀਦਾਰੀ ਨੇ ਰਾਸ਼ਟਰ ਪੱਧਰ ਤੇ ਚਮਕਾਇਆ ਜ਼ਿਲ੍ਹੇ ਦਾ ਨਾਮ




ਫ਼ਿਰੋਜ਼ਪੁਰ, 18 ਸਤੰਬਰ (ਮਨੋਹਰ ਲਾਲ) :— ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਫਿਰੋਜ਼ਪੁਰ ਮਨੀਲਾ ਅਰੋੜਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸਤਿੰਦਰ ਸਿੰਘ ਨੈਸ਼ਨਲ ਐਵਾਰਡੀ ਦੀ ਯੋਗ ਅਗਵਾਈ ਹੇਠ ਰਾਸ਼ਟਰੀ ਮਾਣਕ ਇੰਸਪਾਇਰ ਅਵਾਰਡ 2023—24 ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੀ ਭਾਗੀਦਾਰੀ ਨੇ ਰਾਸ਼ਟਰ ਪੱਧਰ ਤੇ ਜ਼ਿਲ੍ਹੇ ਦਾ ਨਾਮ ਚਮਕਾਇਆ। ਨਵੀਂ ਦਿੱਲੀ ਵਿਖੇ ਹੋ ਰਹੇ ਰਾਸ਼ਟਰ ਪੱਧਰੀ ਇੰਸਪਾਇਰ ਐਵਾਰਡ ਪ੍ਰਤੀਯੋਗਤਾ ਵਿੱਚ ਹਰਕਿਰਤ ਸਿੰਘ ਜਿਨ੍ਹਾਂ ਦੇ ਗਾਈਡ ਅਧਿਆਪਕ ਉਮੇਸ਼ ਕੁਮਾਰ ਹਨ ਇਸ ਪ੍ਰਤੀਯੋਗਤਾ ਵਿੱਚ ਆਪਣੀ ਖੋਜ ਅਤੇ ਮਾਡਲ ਰਾਹੀਂ ਫਿਰੋਜ਼ਪੁਰ ਨੂੰ ਪ੍ਰਤੀਨਿਧ ਕਰ ਰਹੇ ਹਨ। ਇਸ ਮੌਕੇ ਕਮਲ ਸ਼ਰਮਾ ਸਾਇੰਸ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਂਦੇ ਹਾਸ਼ਮ ਅਤੇ ਲਵਦੀਪ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਨੋਡਲ ਇੰਚਾਰਜ ਇੰਸਪਾਇਰ ਐਵਾਰਡ ਫਿਰੋਜ਼ਪੁਰ ਸਟੇਟ ਅਵਾਰਡੀ ਉਮੇਸ਼ ਕੁਮਾਰ ਹੈਡਮਾਸਟਰ ਸਰਕਾਰੀ ਹਾਈ ਸਕੂਲ ਛਾਗਾਂ ਰਾਏ ਉਤਾੜ ਇਸ ਪ੍ਰਤੀਯੋਗਤਾ ਲਈ ਸਮੁੱਚੇ ਪੰਜਾਬ ਨੂੰ ਪ੍ਰਤੀਨਿਧ ਕਰ ਰਹੇ ਹਨ, ਜੋ ਕਾਫ਼ੀ ਲੰਬੇ ਸਮੇਂ ਤੋਂ ਮਿਆਰੀ ਸਿੱਖਿਆ ਦੇਣ ਦੇ ਨਾਲ—ਨਾਲ ਵਿਗਿਆਨ ਮੁਕਾਬਲਿਆਂ ਵਿੱਚ ਰਾਜ ਪੱਧਰੀ ਮੁਕਾਬਲਿਆਂ ਵਿੱਚ ਮੋਹਰੀ ਰਹੇ ਹਨ। ਇਸ ਪ੍ਰਾਪਤੀ ਲਈ ਸਮੂਹ ਸਿੱਖਿਆ ਵਿਭਾਗ ਜ਼ਿਲ੍ਹਾ ਫਿਰੋਜ਼ਪੁਰ ਪ੍ਰਤੀਯੋਗੀਆਂ ਅਤੇ ਉਮੇਸ਼ ਕੁਮਾਰ ਹੈਡਮਾਸਟਰ ਨੂੰ ਸ਼ੁਭਕਾਮਨਾਵਾ ਭੇਜੀਆਂ ਗਈਆਂ।

### ਗੁਰੂ ਕਾਸ਼ੀ ਯੂਨੀਵਰਸਿਟੀ ਨੇ ਅਕਾਦਮਿਕ ਗਤੀਵਿਧੀਆਂ ਦੇ ਨਾਲ

# ਰਾਸ਼ਟਰੀ ਇੰਜੀਨੀਅਰ ਦਿਵਸ ਮਨਾਇਆ





**ਤਲਵੰਡੀ ਸਾਬੋ, 18 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਇੰਜੀਨੀਅਰਿੰਗ ਨੇ ਰਾਸ਼ਟਰੀ ਇੰਜੀਨੀਅਰ ਦਿਵਸ ਸੈਮੀਨਾਰ, ਸਵਾਲ ਜਵਾਬ ਮੁਕਾਬਲੇ, ਪੋਸਟਰ ਮੇਕਿੰਗ ਆਦਿ ਅਕਾਦਮਿਕ ਗਤੀਵਿਧੀਆਂ ਦਾ ਆਯੋਜਨ ਕਰਕੇ ਮਨਾਇਆ। ਇਸ ਮੌਕੇ ਕਾਢ ਅਤੇ ਟਿਕਾਊ ਵਿਕਾਸ ਵਿਸ਼ੇ 'ਤੇ ਆਯੋਜਿਤ ਸੈਮੀਨਾਰ ਦੇ ਮੁੱਖ ਮਹਿਮਾਨ ਪ੍ਰੋ.(ਡਾ.) ਐਸ.ਕੇ.ਬਾਵਾ, ਉਪ ਕੁਲਪਤੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਦੇਸ਼ ਦੇ ਵਿਕਾਸ ਅਤੇ ਆਰਥਿਕ ਖੁਸ਼ਹਾਲੀ ਵਿੱਚ ਇੰਜੀਨੀਅਰਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ ਕਿਉਂਕਿ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਕਾਢਾਂ ਅਤੇ ਖੋਜ਼ਾਂ ਕਾਰਨ ਦੇਸ਼ ਵਾਸੀਆ ਦੀ ਜ਼ਿੰਦਗੀ ਖੁਸ਼ਹਾਲ ਅਤੇ ਅਰਾਮਦਾਇਕ ਹੁੰਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਬਣਾਈਆਂ ਗਈਆਂ ਮਸ਼ੀਨਾਂ ਅਤੇ ਯੰਤਰਾਂ ਦੇ ਬਾਜ਼ਾਰੀਕਰਨ ਨਾਲ ਦੇਸ਼ ਦਾ ਆਰਥਿਕ ਵਿਕਾਸ ਹੁੰਦਾ ਹੈ। ਉਨ੍ਹਾਂ ਵਰਸਿਟੀ ਵੱਲੋਂ ਇੰਜੀਨੀਅਰਿੰਗ ਸਿੱਖਿਆ ਦੇ ਖੇਤਰ ਵਿੱਚ ਖੋਜ ਅਤੇ ਉਤਕ੍ਰਿਸ਼ਟਤਾ ਨੂੰ ਹੁਲਾਰਾ ਦੇਣ ਲਈ ਕੀਤੇ ਜਾ ਰਹੇ ਉਪਰਾਲਿਆਂ ਦਾ ਵੇਰਵਾ ਦਿੰਦੇ ਹੋਏ 'ਵਰਸਿਟੀ ਦੀ ਪ੍ਰਤੀਬੱਧਤਾ ਨੂੰ ਦੁਹਰਾਇਆ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ, ਉਦਯੋਗਾਂ ਅਤੇ ਬਾਜ਼ਾਰ ਦੀ ਮੰਗ ਅਨੁਸਾਰ ਸਿਲੇਬਸ ਤਿਆਰ ਕੀਤੇ ਗਏ ਹਨ। ਵਿਸ਼ੇਸ਼ ਮਹਿਮਾਨ ਨੀਰਜ ਗੌੜ, ਨਿਉਕਲੀਅਰ ਪਾਵਰ ਕਾਰਪੋਰੇਸ਼ਨ ਲਿਮਿਟਡ, ਗੌਰਖਪੁਰ ਨੇ ਭਾਵੀ ਇੰਜੀਨੀਅਰਾਂ ਨੂੰ ਪ੍ਰਮਾਣੂ ਊਰਜਾ ਦੇ ਖੇਤਰ ਵਿੱਚ ਉੱਭਰ ਰਹੀਆਂ ਸੰਭਾਵਨਾਵਾਂ ਅਤੇ ਮੌਕਿਆਂ ਦਾ ਜ਼ਿਕਰ ਕਰਦਿਆਂ ਵਿਦਿਆਰਥੀਆਂ ਨੂੰ ਇਸ ਖੇਤਰ ਵਿੱਚ ਖੋਜ ਕਾਰਜ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਦੇਸ਼ ਦੇ ਟਿਕਾਊ ਵਿਕਾਸ ਅਤੇ ਕਾਰਬਨ ਰਹਿਤ ਉਰਜਾ ਲਈ ਪ੍ਰਮਾਣੂ ਊਰਜਾ ਦਾ ਵਿਸ਼ੇਸ਼ ਸਥਾਨ ਹੈ ਉਨ੍ਹਾਂ ਇਸ ਖੇਤਰ ਵਿੱਚ ਦਰਪੇਸ਼ ਆ ਰਹੀਆਂ ਚੁਣੌਤੀਆਂ ਤੇ ਮੁਸ਼ਿਕਲਾਂ ਦੇ ਸਮਾਧਾਨ ਲਈ ਨੌਜਵਾਨਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ। ਡਾ. ਪੀਯੂਸ਼ ਵਰਮਾ ਡੀਨ ਨੇ ਸਵਾਗਤੀ ਭਾਸ਼ਣ ਵਿੱਚ ਇੰਜ. ਮੋਕਸ਼ਗੁੰਡਮ ਵਿਸ਼ਵੇਸ਼ਵਰਿਆ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਦੇਸ਼ ਦੇ ਵਿਕਾਸ ਵਿੱਚ ਇੰਜੀਨੀਅਰਾਂ ਦੇ ਯੋਗਦਾਨ, ਸਮਰਪਣ ਤੇ ਪ੍ਰਾਪਤੀਆਂ ਦੀ ਸਲਾਘਾ ਕੀਤੀ। ਸਵਾਲ ਜਵਾਬ ਮੁਕਾਬਲਿਆਂ ਵਿੱਚ ਕੰਪਿਊਟਰ ਸਾਇੰਸ ਦੇ ਵਿਦਿਆਰਥੀਆਂ ਨੇ ਪਹਿਲਾ, ਮਕੈਨੀਕਲ ਵਿਭਾਗ ਦੇ ਵਿਦਿਆਰਥੀਆਂ ਨੇ ਦੂਜਾ ਅਤੇ ਇਲੈਕਟ੍ਰੀਕਲ ਵਿਭਾਗ ਨੇ ਤੀਜਾ, ਪੋਸਟਰ ਮੇਕਿੰਗ ਮੁਕਾਬਲੇ ਵਿੱਚ ਅਰਸ਼ਦੀਪ ਸਿੰਘ ਨੇ ਪਹਿਲਾ, ਸਾਜਿਦ ਨੇ ਦੂਜਾ ਅਤੇ ਪ੍ਰਿੰਸ ਕੁਮਾਰ ਨੇ ਤੀਜਾ ਸਥਾਨ ਹਾਸਲ ਕੀਤਾ। ਆਯੋਜਕਾਂ ਵੱਲੋਂ ਜੇਤੂਆਂ ਨੂੰ ਸਰਟੀਫਿਕੇਟ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।


### ਭਾਜਪਾ ਮਹਿਲਾ ਮੋਰਚਾ ਵੱਲੋਂ ਸਵੱਛਤਾ ਪੰਦਰਵਾੜੇ ਤਹਿਤ ਸਿਵਲ ਹਸਪਤਾਲ ਸੰਗਰੂਰ ਦੀ ਸਾਫ਼ ਸਫ਼ਾਈ

# ਸਵੱਛ ਭਾਰਤ ਮੁਹਿੰਮ ਨਾਲ ਦੇਸ਼ ਵਾਸੀਆਂ 'ਚ ਸਫ਼ਾਈ ਪ੍ਰਤੀ ਜਾਗਰੂਕਤਾ ਆਈ : ਦੁੱਲਟ



ਸੰਗਰੂਰ ( ਰਣਜੀਤ ਸਿੰਘ ਪੇਧਨੀ )- ਅੱਜ ਸੰਗਰੂਰ ਭਾਜਪਾ ਮਹਿਲਾ ਮੋਰਚਾ ਵੱਲੋਂ ਪ੍ਰਧਾਨ ਮੰਜੂਲਾ ਸ਼ਰਮਾ ਦੀ ਅਗਵਾਈ 'ਚ ਸਵੱਛਤਾ ਪੰਦਰਵਾੜੇ ਤਹਿਤ ਸਿਵਲ ਹਸਪਤਲਾ ਅੰਦਰ ਸਾਫ਼ ਸਫਾਈ ਕੀਤੀ। ਮਹਿਲਾ ਮੋਰਚਾ ਦੇ ਇਸ ਅਭਿਆਨ 'ਚ ਯੁਵਾ ਮੋਰਚਾ ਵੱਲੋਂ ਵੀ ਸਹਿਯੋਗ ਦਿੱਤਾ ਗਿਆ। ਭਾਜਪਾ ਵਰਕਰਾਂ ਤੇ ਆਗੂਆਂ ਵੱਲੋਂ ਸਿਵਲ ਹਸਪਤਾਲ 'ਚ ਵੱਖ-ਵੱਖ ਥਾਂਵਾਂ 'ਤੇ ਸਾਫ਼ ਸਫ਼ਾਈ ਕੀਤੀ। ਇਸ ਮੌਕੇ ਉਚੇਚੇ ਤੌਰ 'ਤੇ ਭਾਜਪਾ ਜਿਲ੍ਹਾ 1 ਦੇ ਪ੍ਰਧਾਨ ਧਰਮਿੰਦਰ ਦੁੱਲਟ ਅਤੇ ਬੇਨੜਾ ਬਲਾਕ ਦੇ ਪ੍ਰਧਾਨ ਬਸੰਤ ਲਾਲ ਪਹੁੰਚੇ । ਦੁੱਲਟ ਨੇ ਮਹਿਲਾ ਮੋਰਚਾ ਦੇ ਉੱਦਮ ਦੀ ਭਰੂਪਰ ਸ਼ਲਾਘਾ ਕਰਦਿਆਂ ਕਿਹਾ ਕਿ ਦੇਸ਼ ਦੇ ਲੋਕਪ੍ਰਿਯਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ੁਰੂ ਕੀਤੇ ਸਵੱਛ ਭਾਰਤ ਅਭਿਆਨ ਦੀ ਬਦੌਲਤ ਲੋਕਾਂ ਸਫ਼ਾਈ ਦੀ ਮਹੱਤਤਾ ਸਬੰਧੀ ਜਾਗਰੂਕ ਹੋਣ ਲੱਗੇ ।ਸਵੱਛਤਾ ਅਭਿਆਨ ਸਬੰਧੀ ਕੇਂਦਰ ਵੱਲੋਂ ਬਹੁਤ ਸਾਰੀਆਂ ਯੋਜਨਾਵਾਂ ਸ਼ਹਿਰਾਂ, ਪਿੰਡਾਂ ਤੇ ਕਸਬਿਆਂ 'ਚ ਸ਼ੁਰੂ ਕੀਤੀਆਂ ਗਈਆਂ। । ਉਨ੍ਹਾਂ ਕਿਹਾ ਕਿ ਸਵੱਛ ਵਾਤਾਵਰਨ 'ਚ ਹੀ ਵਿਅਕਤੀ ਦਾ ਮਨ ਸਾਂਤ ਤੇ ਸ਼ੁੱਧ ਰਹਿੰਦਾ ਹੈ ਚੰਗੇ ਵਿਚਾਰ ਉਸਦੇ ਅੰਦਰ ਘਰ ਕਰਦੇ ਹਨ ਜੋ ਸਮਾਜ ਨੂੰ ਨਵੀਂ ਸੇਧ ਦੇਕੇ ਸਕਦਾ ਹੈ। ਉਨ੍ਹਾਂ ਸਭ ਨੂੰ ਸਵੱਛਤਾ ਪੰਦਰਵਾੜੇ ਤਹਿਤ ਸਾਂਝੀਆਂ ਥਾਂਵਾਂ ਦੀ ਸਾਫ਼ ਸਫ਼ਾਈ ਕਰਨ ਦੀ ਅਪੀਲ ਕੀਤੀ। ਇਸ ਮੌਕੇ ਮੋਤੀ ਰਾਮ ਹਸਨਪੁਰ ਹਾਜਰ ਸਨ।

## ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਣਤਾ ਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਤਾਗੱਦੀ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜ਼ੋਤੀ ਜ਼ੋਤ ਤੇ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਤੇ ਅੱਸੂ ਦੀ ਪੂਰਨਮਾਸ਼ੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ





ਫ਼ਿਰੋਜ਼ਪੁਰ, 18 ਸਤੰਬਰ (ਮਨੋਹਰ ਲਾਲ) :— ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੰਪੂਰਣਤਾ ਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਤਾਗੱਦੀ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜ਼ੋਤੀ ਜ਼ੋਤ ਤੇ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਤੇ ਅੱਸੂ ਦੀ ਪੂਰਨਮਾਸੀ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ, ਢਾਡੀ, ਕਥਾਵਾਚਕ ਅਤੇ ਕਵੀਸ਼ਰੀ ਜਥਿਆਂ ਨੇ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਭਾਈ ਬੂਟਾ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਜਾਮਨੀ ਸਾਹਿਬ, ਭਾਈ ਵੀਰ ਸਿੰਘ ਪੰਜਗਰਾਂਈ ਅਤੇ ਭਾਈ ਸਤਿੰਦਰ ਸਿੰਘ ਸ਼ਾਹੋਕੇ ਕਵੀਸ਼ਰੀ ਜਥਾ ਵਾਦਰ ਵਾਲੇ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਜਥਿਆਂ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਕਥਾ ਕਰਦਿਆਂ ਆਖਿਆ ਕਿ ਅੱਜ ਅਸੀਂ ਗੁਰੂ ਅਮਰਦਾਸ ਜੀ ਦਾ ਜ਼ੋਤੀ ਜ਼ੋਤ ਗੁਰਪੁਰਬ ਅਤੇ ਧੰਨ—ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਤਾਗੱਦੀ ਦਿਵਸ ਅਤੇ 450 ਸਾਲਾ ਸ਼ਤਾਬਦੀ ਤੇ ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਵੱਧ ਤੋਂ ਵੱਧ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਲੜ ਲੱਗਣਾ ਚਾਹੀਦਾ ਹੈ, ਕਿਉਂਕਿ ਸਾਡੇ ਕੁਝ ਨੌਜਵਾਨ ਸਿੱਖਾਂ ਦੇ ਘਰ ਪੈਦਾ ਹੋ ਕੇ ਪਤੀਤਪੁਣੇ ਵੱਲ ਵੱਧ ਰਹੇ ਹਨ, ਉਨ੍ਹਾਂ ਨੂੰ ਸਿੱਧੇ ਰਸਤੇ ਪਾ ਕੇ ਗੁਰੂ ਨਾਲ ਜ਼ੋੜੀਏ, ਕਿਉਂਕਿ ਸਿੱਖੀ ਦਾ ਇਤਿਹਾਸ ਬਹੁਤ ਮਹਾਨ ਹੈ, ਸਾਡੇ ਗੁਰੂਆਂ ਨੇ ਆਪਣੀ ਲਾਸਾਨੀ ਕੁਰਬਾਨੀਆਂ ਦੇ ਕੇ ਸਾਨੂੰ ਸਰਦਾਰੀ ਬਖਸ਼ੀ ਹੈ, ਸਾਨੂੰ ਤਗੜੇ ਹੋ ਕੇ ਹਮਲਾ ਮਾਰਨ ਦੀ ਲੋੜ ਹੈ ਤਾਂ ਜ਼ੋ ਸਾਡੀ ਸਿੱਖੀ ਕਾਇਮ ਰਹਿ ਸਕੇ। ਸਾਡੇ ਬੱਚਿਆਂ ਦੀ ਘਰ ਮਾਵਾਂ ਨੂੰ ਚਾਹੀਦਾ ਹੈ ਕਿ ਉਹ ਘਰ ਵਿਚ ਆਪਣੇ ਬੱਚਿਆਂ ਨੂੰ ਆਪਣੇ ਗੁਰੂਆਂ ਦੀਆਂ ਦਿੱਤੀਆਂ ਸ਼ਹਾਦਤਾਂ ਦੀਆਂ ਕਹਾਣੀਆਂ ਸੁਣਾਉਣ ਤਾਂ ਜ਼ੋ ਬੱਚਿਆਂ ਵਿਚ ਸਿੱਖੀ ਪ੍ਰਤੀ ਜਾਗਰੂਕਤਾ ਆਵੇ ਕਿ ਸਾਡੇ ਸਿੱਖੀ ਬਹੁਤ ਮਹਾਨ ਹੈ। ਬਾਬਾ ਜੀ ਨੇ ਅੱਗੇ ਕਿਹਾ ਕਿ ਇਸ ਭਿਆਨਕ ਕਲਯੁੱਗ ਰੂਪੀ ਸ਼ੈਤਾਨ ਤੋਂ ਬਚਣਾ ਚਾਹੀਦਾ ਹੈ, ਜੇਕਰ ਅਸੀਂ ਇਸ ਭਿਆਨਕ ਕਲਯੁੱਗ ਵਿਚ ਵੱਧ ਤੋਂ ਵੱਧ ਨਾਮ ਸਿਮਰਨ ਕਰਾਂਗੇ ਤਾਂ ਹੀ ਅਸੀਂ ਬੱਚ ਸਕਦੇ ਹਾਂ, ਨਹੀਂ ਤਾਂ ਕਲਯੁੱਗ ਆਪਣਾ ਪ੍ਰਭਾਵ ਪਾ ਕੇ ਸਾਨੂੰ ਗਲਤ ਰਸਤੇ ਪਾ ਸਕਦਾ ਹੈ। ਇਸ ਮੌਕੇ ਤੇ ਸਟੇਜ਼ ਦੀ ਸੇਵਾ ਭਾਈ ਹਰਪਿੰਦਰ ਸਿੰਘ ਗੁਰਦੁਆਰਾ ਛੱਪੜੀ ਸਾਹਿਬ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸ਼ੂਟਿੰਗ ਕੱਪ ਮੁਕਾਬਲਿਆਂ ਦਾ ਹੋਇਆ ਆਗਾਜ਼





ਫ਼ਿਰੋਜ਼ਪੁਰ, 18 ਸਤੰਬਰ (ਮਨੋਹਰ ਲਾਲ) :— ਫਰੀਦਕੋਟ ਦੇ ਨਹਿਰੂ ਸਟੇਡੀਅਮ ਵਿਖੇ ਨਵੀਂ ਸ਼ੂਟਿੰਗ ਰੇਂਜ ਵਿੱਚ ਮਿਸਲ ਸਤਲੁਜ ਵੱਲੋਂ ਕਰਵਾਏ ਜਾਂਦੇ ਸਲਾਨਾ ਸਰਦਾਰ ਚੜ੍ਹਤ ਸਿੰਘ ਸ਼ੂਟਿੰਗ ਕੱਪ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਮਿਸਲ ਸਤਲੁਜ ਦੇ ਜਰਨਲ ਸਕੱਤਰ ਦਵਿੰਦਰ ਸਿੰਘ ਸੇਖੋਂ, ਸ਼ੂਟਿੰਗ ਕੋਚ ਸੁਖਰਾਜ ਕੌਰ ਅਤੇ ਫਰੀਦਕੋਟ ਸ਼ੂਟਿੰਗ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰ ਹਾਜ਼ਰ ਸਨ, ਜਦੋਂ ਕਿ ਮੁੱਖ ਮਹਿਮਾਨ ਵਜੋਂ ਅਰਜਨਾ ਐਵਾਰਡੀ ਉਲੰਪੀਅਨ ਏ.ਆਈ.ਜੀ ਅਵਨੀਤ ਕੌਰ ਅਤੇ ਉਲੰਪੀਅਨ ਸਿਫ਼ਤ ਕੌਰ ਵਿਸ਼ੇਸ਼ ਤੌਰ ਹਾਜ਼ਰ ਰਹੇ ਅਤੇ ਨਵੇਂ ਖਿਡਾਰੀਆਂ ਨਾਲ ਆਪਣੇ ਤਜ਼ਰਬੇ ਸਾਂਝੇ ਕੀਤੇ। ਇਸ ਸਮੇਂ ਸੁਖਰਾਜ ਸਿੰਘ ਸੁੱਖਣਵਾਲਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅੱਜ ਤੋਂ ਸ਼ੁਰੂ ਹੋ ਕੇ ਇਹ ਚਾਰ ਦਿਨਾਂ ਮੁਕਾਬਲੇ 21 ਸਤੰਬਰ ਤੱਕ ਚੱਲਣਗੇ, ਜਿਸ ਵਿੱਚ ਲੜਕੇ-ਲੜਕੀਆਂ ਦੇ 10 ਮੀਟਰ ਏਅਰ ਰਾਈਫਲ ਅਤੇ ਪਿਸਟਲ ਮੁਕਾਬਲੇ ਕਰਵਾਏ ਜਾਣਗੇ, ਚੈਂਪੀਅਨ ਆਫ ਚੈਪੀਅਨਜ਼ ਮੁਕਾਬਲੇ ਅਖੀਰਲੇ ਦਿਨ 21 ਨੂੰ ਕਰਵਾਏ ਜਾਣਗੇ। ਇਸ ਮੌਕੇ ਮਿਸਲ ਸਤਲੁਜ ਦੇ ਸੂਬਾ ਸਕੱਤਰ ਰੁਪਿੰਦਰਜੀਤ ਸਿੰਘ ਗੋਲਡੀ ਪਿਪਲੀ, ਕਿਸਾਨ ਵਿੰਗ ਮਾਲਵਾ ਜੋਨ ਦੇ ਪ੍ਰਧਾਨ ਹਰਦੇਵ ਸਿੰਘ ਘਣੀਏਵਾਲਾ, ਯੂਥ ਸਕੱਤਰ ਹਰਦੀਪ ਸਿੰਘ ਡੋਡ, ਪ੍ਰਿਤਪਾਲ ਸਿੰਘ ਬਰਾੜ, ਸਿਮਰਜੀਤ ਸਿੰਘ ਡੋਡ, ਅਮਨਦੀਪ ਸਿੰਘ ਡੋਡ, ਕੁਲਦੀਪ ਡੋਡ, ਸੁਖਵਿੰਦਰ ਸਿੰਘ ਗਗਨ ਸਿੱਧੂ ਭਗਤਾ, ਅਰਸ਼ਦੀਪ ਸਿੰਘ ਖ਼ਾਲਸਾ, ਬਲਜੀਤ ਸਿੰਘ ਜਲ ਸੇਵਾ, ਗੁਰਮੀਤ ਸਿੰਘ ਸਰਪੰਚ ਸੁਲਹਾਣੀ ਨੇ ਸੇਵਾਵਾਂ ਨਿਭਾਈਆਂ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਆਫ਼ ਪੰਜਾਬ (ਸਿਹਤ ਵਿਭਾਗ) ਵੱਲੋਂ

# ਹੰਗਾਮੀ ਮੀਟਿੰਗ ਸੱਦੀ ਗਈ




**ਚੌਕ ਮਹਿਤਾ, 18 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਹਸਪਤਾਲ ਵਿਖੇ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਆਫ਼ ਪੰਜਾਬ (ਸਿਹਤ ਵਿਭਾਗ) ਵੱਲੋਂ ਸਿਹਤ ਵਿਭਾਗ ਦੀਆਂ ਵੱਖ ਵੱਖ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੂੰ, ਮੈਂਬਰਾਂ ਨੂੰ ਸਾਂਝਾ ਸੱਦਾ ਦਿੰਦੇ ਹੋਏ ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਮੀਟਿੰਗ ਲਈ ਸੱਦਿਆ। ਇਸ ਮੌਕੇ ਤੇ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਆਫ਼ ਪੰਜਾਬ (ਸਿਹਤ ਵਿਭਾਗ) ਦੇ ਚੇਅਰਮੈਨ ਪੰਡਿਤ ਰਾਕੇਸ਼ ਸ਼ਰਮਾ, ਸਟੇਟ ਪ੍ਰਧਾਨ ਅਚਾਰੀਆ ਗੁਰੂ ਮੀਤ ਜਰਨਲ ਸਕੱਤਰ ਸੰਜੀਵ ਆਨੰਦ ਸੀਨੀਅਰ ਚੀਫ਼ ਫਾਰਮੇਸੀ ਅਫ਼ਸਰ, ਜ਼ਿਲ੍ਹਾ ਪ੍ਰਧਾਨ ਰਘੂ ਤਲਵਾੜ, ਸੀਨੀਅਰ ਮੀਤ ਪ੍ਰਧਾਨ ਸ੍ਰੀਮਤੀ ਕਮਲਜੀਤ ਕੌਰ ਰੰਧਾਵਾ,ਮੇਟਰਨ ਨੇ ਆਏ ਹੋਏ ਵੱਖ ਵੱਖ ਯੂਨੀਅਨ ਦੇ ਆਗੂਆਂ ਨੂੰ ਸਬੋਧਨ ਕੀਤਾ। ਇਜ ਮੌਕੇ ਤੇ ਸਟੇਟ ਪ੍ਰਧਾਨ ਅਚਾਰੀਆ ਗੁਰੂ ਮੀਤ ਨੇ ਕਿਹਾ ਕਿ, ਸਾਰਿਆਂ ਨੂੰ ਸੁਹਿਰਦ ਬੇਨਤੀ ਹੈ ਕਿ ਜੇਕਰ ਸਰਕਾਰ ਪਾਸੋਂ ਕੁੱਝ ਲੈਣਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਆਪਸੀ ਭਾਈਚਾਰਾ ਹੋਣਾ ਬਹੁਤ ਜ਼ਰੂਰੀ ਹੈ। ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਆਫ਼ ਪੰਜਾਬ (ਸਿਹਤ ਵਿਭਾਗ) ਇਹ ਨਹੀਂ ਕਹਿੰਦੀ ਹੈ ਕਿ, ਤੁਸੀਂ ਆਪਣੀ ਯੂਨੀਅਨ ਨੂੰ ਛੱਡ ਦਿਉ ਬਲਕਿ ਐਸੋਸੀਏਸ਼ਨ ਚਾਹੁੰਦੀ ਹੈ ਕਿ ਅਸੀਂ ਸਾਰੇ ਇੱਕ ਮੁੱਠ ਹੋਈਏ, ਆਪਸੀ ਭਾਈਚਾਰੇ ਨੂੰ ਪਹਿਲ ਦੇਣ ਦੀ ਜ਼ਰੂਰਤ ਹੈ। ਸਿਰਫ਼ ਸਰਕਾਰਾਂ ਪਾਸੋਂ ਆਪਣੇ ਹੱਕ ਦੀਆਂ ਮੰਗਾਂ ਹੀ ਨਹੀਂ ਬਲਕਿ ਜੇਕਰ ਕਿਸੇ ਵੀਰ, ਭਰਾ, ਭੈਣ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਹੈ ਤਾਂ ਉਹ ਸਾਡੀ ਐਸੋਸੀਏਸ਼ਨ ਦੇ ਨਾਲ ਗੱਲ ਕਰਨ, ਸਾਡੀ ਐਸੋਸੀਏਸ਼ਨ ਉਨ੍ਹਾਂ ਦੀ ਵੱਧ ਤੋਂ ਵੱਧ ਮਦਦ ਕਰਨ ਲਈ ਹਮੇਸ਼ਾਂ ਵਚਨਬੱਧ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਸਾਰੀਆਂ ਐਸੋਸੀਏਸ਼ਨਾਂ ਭਾਈਚਾਰੇ ਨਾਲ, ਏਕੇ ਵਿੱਚ ਰਹਿ ਕੇ ਕੁੱਝ ਹਾਂਸਿਲ ਕਰ ਸਕਦੀਆਂ ਹਨ :- ਆਚਾਰੀਆ ਗੁਰੂ ਮੀਤ**

ਇਸ ਤੋਂ ਇਲਾਵਾ ਕਲੈਰੀਕਲ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ, ਜ਼ਿਲ੍ਹਾ ਸਕੱਤਰ ਦੇ ਅਹੁਦਿਆਂ ਲਈ ਚੋਣ ਬਾਰੇ ਗੱਲਬਾਤ ਹੋਈ। ਇਜ ਮੌਕੇ ਤੇ ਸਿਵਲ ਸਰਜਨ ਦਫ਼ਤਰ ਅੰਮ੍ਰਿਤਸਰ ਤੋਂ ਆਏ ਕਲੈਰੀਕਲ ਕਾਮਿਆਂ ਨੇ ਜ਼ਿਲ੍ਹਾ ਪ੍ਰਧਾਨ ਲਈ ਸ੍ਰੀ ਸੁਮੀਤ ਸ਼ਰਮਾਂ ਅਤੇ ਜਨਰਲ ਸਕੱਤਰ ਦੇ ਅਹੁਦੇ ਲਈ ਸ੍ਰੀ ਰਘੂ ਤਲਵਾੜ ਦੀ ਦਾਅਵੇਦਾਰੀ ਤੇ ਮੋਹਰ ਲਗਾਈ। ਇਸ ਮੌਕੇ ਤੇ ਸਿਵਲ ਸਰਜਨ ਦਫ਼ਤਰ ਅੰਮ੍ਰਿਤਸਰ ਦੇ ਕਲੈਰੀਕਲ ਕਾਮੇਂ ਸ੍ਰ.ਪੁਸ਼ਪਿੰਦਰ ਸਿੰਘ ਸੀਨੀਅਰ ਸਹਾਇਕ, ਸੁਖਮਨ ਸਿੰਘ, ਵਿਨੋਦ ਲੂਥਰਾ ਬਾਬਾ ਬਕਾਲਾ, ਨਵਦੀਪ ਸਿੰਘ ਕੈਸ਼ੀਅਰ, ਵਿੱਕੀ ਸਿੰਘ, ਅਮਨਦੀਪ ਕੌਰ, ਸ੍ਰੀਮਤੀ ਅੰਜੂ, ਸ੍ਰੀਮਤੀ ਦਵਿੰਦਰ ਕੌਰ, ਸ੍ਰੀਮਤੀ ਭਾਵਨਾ, ਸ੍ਰੀਮਤੀ ਰਜਵਿੰਦਰ ਕੌਰ ਆਦਿ ਨੇ ਇੰਨ੍ਹਾਂ ਦੋਹਾਂ ਉਮੀਦਵਾਰਾਂ ਤੇ ਆਪਣਾ ਵਿਸ਼ਵਾਸ ਦਿਖਾਉਂਦੇ ਹੋਏ ਇੰਨ੍ਹਾਂ ਨਾਮ ਸਹਿਮਤੀ ਪ੍ਰਗਟਾਈ। ਯੂਨਾਈਟਡ ਨਰਸਿੰਗ ਐਸੋਸੀਏਸ਼ਨ ਦੀ ਪ੍ਰਧਾਨ ਸ੍ਰੀਮਤੀ ਕਮਲਜੀਤ ਕੌਰ ਰੰਧਾਵਾ (ਮੇਟਰਨ) ਵੱਲੋਂ ਇੱਕ ਮੰਚ ਤੇ ਭਾਈਚਾਰੇ ਦੀ ਸਹਿਮਤੀ ਦਿੰਦੇ ਹੋਏ ਸਾਰਿਆਂ ਨੂੰ ਸਾਥ ਦੇਣ ਦੀ ਅਪੀਲ ਕੀਤੀ। ਇਸ ਮੌਕੇ ਤੇ ਰਾਜੇਸ਼ ਸ਼ਰਮਾ ਅਤੇ ਸੁਰਿੰਦਰ ਸਿੰਘ ਭੱਟੀ ਨੇ ਵੀ ਆਏ ਹੋਏ ਆਗੂਆਂ ਨੂੰ ਸਬੋਧਨ ਕੀਤਾ।

### ਪਿੰਡ ਜਲਾਲ ਉਸਮਾ ਵਿਖ਼ੇ ਦਹਾਕਿਆਂ ਤੋਂ ਕੱਚੇ ਬਜਾਰ ਨੂੰ

# ਪੱਕਾ ਕਰਨ ਦਾ ਕੰਮ ਸ਼ੁਰੂ : ਠੇਕੇਦਾਰ ਲਖਵਿੰਦਰ ਸਿੰਘ ਜਲਾਲ ਉਸਮਾ

**ਚੌਕ ਮਹਿਤਾ, 18 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਨਿਰਦੇਸ਼ਾਂ ਤੇ ਪਿੰਡ ਜਲਾਲ ਉਸਮਾ ਵਿਚ ਵਿਕਾਸ ਦੇ ਕੰਮ ਜੰਗੀ ਪੱਧਰ ਤੇ ਸ਼ੁਰੂ ਕੀਤੇ ਗਏ। ਲਗਾਉਣ ਦਾ ਕੰਮ ਸ਼ੁਰੂ

ਆਵਾਜ਼ਿ ਕੌਮ AWAZE QAUM International Newspaper & WEB TV

ਕੀਤਾ ਗਿਆ। ਤਕਰੀਬਨ ਪੰਜੀ ਸਾਲ ਪੁਰਾਣੇ ਰਾਹ ਦਾ ਉਦਘਾਟਨ ਹਲਕਾ ਜੰਡਿਆਲਾ ਗੁਰੂ ਸੀਨੀਅਰ ਲੀਡਰ ਠੇਕੇਦਾਰ ਲਖਵਿੰਦਰ ਸਿੰਘ ਜਲਾਲ ਉਸਮਾ ਨੇ ਕੀਤਾ। ਇਸ ਦੌਰਾਨ ਗੱਲਬਾਤ ਕਰਦਿਆ ਠੇਕੇਦਾਰ ਲਖਵਿੰਦਰ ਸਿੰਘ ਜਲਾਲ ਉਸਮਾ ਨੇ ਆਖਿਆ ਕਿ ਇਹ ਪਿੰਡ ਦਾ



ਮੇਨ ਬਜਾਰ ਹੈ, ਜੋ ਦਹਾਕਿਆਂ ਤੋਂ ਕੱਚਾ ਚਲਦਾ ਆ ਰਿਹਾ ਸੀ, ਪੁਰਾਣੀਆਂ ਸਰਕਾਰਾਂ ਨੇ ਇਸ ਦੇ ਵੱਲ ਕੋਈ ਧਿਆਨ ਨਹੀਂ ਦਿੱਤਾ, ਇਥੋਂ ਲੰਘਣ ਵਾਲੇ ਪਿੰਡ ਵਾਸੀਆਂ ਅਤੇ ਸਕੂਲੀ ਬੱਚਿਆਂ ਨੂੰ ਆਮ ਦੇ ਨਾਲੋਂ ਬਰਸਾਤ ਦੇ ਦਿਨਾਂ ਵਿਚ ਭਾਰੀ ਪ੍ਰੇਸ਼ਾਨੀ ਝੱਲਣੀ ਪੈਂਦੀ ਸੀ। ਠੇਕੇਦਾਰ ਨੇ ਕਿਹਾ ਕਿ ਇਸੇ ਤਰਾਂ ਪਿੰਡ ਦੇ ਹੋਰ ਬਜਾਰ ਵੀ ਬਹੁਤ ਜਲਦ ਬਣਾਏ ਜਾਣਗੇ, ਆਉਣ ਵਾਲੇ ਸਮੇਂ ਵਿਚ ਪਿੰਡ ਦਾ ਕੋਈ ਰਸਤਾ ਕੱਚਾ ਨਹੀਂ ਰਹਿਣ ਦਿੱਤਾ ਜਾਵੇਗਾ। ਇਥੇ ਮੌਜੂਦ ਚੇਅਰਮੈਨ ਡਾ. ਗੁਰਿੰਦਰ ਸਿੰਘ ਰੰਧਾਵਾ ਨੇ ਆਖਿਆ ਕਿ ਮੰਤਰੀ ਹਰਭਜਨ ਸਿੰਘ ਈ. ਟੀ. ਓ. ਦਾ ਸੁਪਨਾ ਹੈ ਕਿ ਹਲਕਾ ਜੰਡਿਆਲਾ ਗੁਰੂ ਨੂੰ ਨਮੂਨੇ ਦਾ ਬਣਾਇਆ ਜਾਵੇਗਾ। ਇਸ ਮੌਕੇ ਤੇ ਸੁਖਦੇਵ ਸਿੰਘ, ਅਮਰਜੀਤ ਸਿੰਘ, ਹਰਭਜਨ ਸਿੰਘ, ਹਰਪ੍ਰੀਤ ਸਿੰਘ, ਗੁਰਸਾਹਿਬ ਸਿੰਘ, ਗੁਰਚਰਨ ਸਿੰਘ, ਸਕੱਤਰ ਸਿੰਘ, ਗੁਰਦੇਵ ਸਿੰਘ ਆਦਿ ਆਗੂ ਹਾਜ਼ਰ ਸਨ।

# ਈ. ਟੀ. ਓ. ਨੇ ਰਜਧਾਨ ਦੇ ਲੋਕਾਂ ਦੀਆਂ ਮੁਸ਼ਕਿਲਾਂ ਕੀਤੀਆਂ ਹੱਲ : ਬਲਵਿੰਦਰ ਸਿੰਘ



ਚੌਂਕ ਮਹਿਤਾ 18 ਸਤੰਬਰ, (ਬਾਬਾ ਸੁਖਵੰਤ ਸਿੰਘ ਚੰਨਣਕੇ)- 'ਆਪ' ਆਗੂ ਬਲਵਿੰਦਰ ਸਿੰਘ ਦੀ ਅਗਵਾਈ ਵਿਚ ਅੱਜ ਪਿੰਡ ਰਜਧਾਨ ਵਿਖ਼ੇ ਆਮ ਆਦਮੀ ਪਾਰਟੀ ਦੇ ਵਰਕਰਾਂ ਦੇ ਵੱਲੋਂ ਇਕ ਮੀਟਿੰਗ ਕੀਤੀ ਗਈ। ਇਸ ਦੌਰਾਨ 'ਆਪ' ਆਗੂ ਬਲਵਿੰਦਰ ਸਿੰਘ ਰਜਧਾਨ ਨੇ ਆਖਿਆ ਕਿ ਸਾਡੇ ਪਿੰਡ ਰਜਧਾਨ ਦੇ ਲੋਕ ਪਿਛਲੇ ਕਈ ਸਾਲਾ ਤੋਂ ਦਰਪੇਸ਼ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਆ ਰਹੇ ਸਨ। ਜਿਨ੍ਹਾਂ ਦੇ ਵਿਚ ਖਾਸ਼ ਕਰ ਕੇ ਬਿਜਲੀ ਅਤੇ ਟੁੱਟੀਆਂ ਸ਼ੜਕਾਂ ਅਤੇ ਕੱਚੇ ਰਸ਼ਿਤਆਂ ਦੀਆਂ ਸਮੱਸਿਆਵਾਂ ਮੁੱਖ ਸਨ। ਉਨ੍ਹਾਂ ਆਖਿਆ ਕਿ 'ਆਪ' ਸਰਕਾਰ ਬਣਨ ਦੇ ਬਾਅਦ ਅਸੀਂ ਇਹ ਮੁਸ਼ਕਿਲਾਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਦੇ ਧਿਆਨ ਵਿਚ ਲਿਆਂਦੀਆਂ ਤਾਂ ਅੱਜ ਸਾਡੇ ਪਿੰਡ ਵਿਚ ਕਰੀਬ 5 ਤੋਂ 6 ਬਿਜਲੀ ਦੇ ਨਵੇਂ ਟਰਾਂਸਫਾਰਮਰ ਲੱਗ ਚੁੱਕੇ ਹਨ ਅਤੇ ਗਲੀਆਂ ਨਾਲੀਆਂ ਅਤੇ ਕੱਚੇ ਰਸਤਿਆਂ ਨੂੰ ਪੱਕਾ ਕਰਨ ਦਾ ਕੰਮ ਵੀ ਤੇਜੀ ਨਾਲ ਚੱਲ ਰਿਹਾ ਹੈ। 'ਆਪ' ਆਗੂ ਬਲਵਿੰਦਰ ਸਿੰਘ ਰਜਧਾਨ ਨੇ ਕਿਹਾ ਕਿ ਮੰਤਰੀ ਹਰਭਜਨ ਸਿੰਘ ਈ. ਟੀ. ਓ. ਦੀ ਅਗਵਾਈ ਵਿਚ ਹਲਕਾ ਜੰਡਿਆਲਾ ਗੁਰੂ ਦਾ ਵਿਕਾਸ ਜੰਗੀ ਪੱਧਰ ਤੇ ਜਾਰੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ 22 ਨੂੰ ਪੀਪਲੀ ਮਹਾਂ ਪੰਚਾਇਤ ਚ ਕਾਫਲਿਆਂ ਦੇ ਰੂਪ ਵਿੱਚ ਸ਼ਾਮਿਲ ਹੋਵੇਗੀ



ਧੂਰੀ ( ਰਣਜੀਤ ਸਿੰਘ ਪੇਧਨੀ ) ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਬਲਾਕ ਧੂਰੀ ਦੀ ਮੀਟਿੰਗ ਅੱਜ ਪਿੰਡ ਲੱਡਾ ਦੇ ਗੁਰਦੁਆਰਾ ਸਾਹਿਬ ਵਿਖੇ ਕੀਤੀ ਗਈ। ਮੀਟਿੰਗ ਵਿੱਚ ਬੋਲਦਿਆਂ ਜ਼ਿਲਾ ਕਾਰਜਕਾਰੀ ਕਨਵੀਨਰ ਕੁਲਵਿੰਦਰ ਸੋਨੀ ਲੌਂਗੋਵਾਲ ਨੇ ਕਿਹਾ ਕਿ ਸਾਰੇ ਬਾਰਡਰਾਂ ਉੱਪਰ ਚੱਲ ਰਿਹਾ ਮੋਰਚਾ ਪੂਰੀ ਚੜਦੀਕਲਾ ਵਿਚ ਹੈ ।ਐਮ ਐਸ ਪੀ ਦੀ ਕਾਨੂੰਨੀ ਗਰੰਟੀ ਨੂੰ ਲਾਗੂ ਕਰਵਾਉਣ ਲਈ ਕਿਸਾਨਾਂ ਮਜ਼ਦੂਰਾਂ ਦੀ ਸਮੁੱਚੀ ਕਰਜ਼ ਮੁਕਤੀ ਲਈ, ਸਵਾਮੀਨਾਥਨ ਦੀ ਰਿਪੋਰਟ ਨੂੰ ਲਾਗੂ ਕਰਵਾਉਣ ਲਈ ਤੇ ਹੋਰ ਸਾਰੀਆਂ ਮੰਗਾਂ ਨੂੰ ਲੈਕੇ ਕਿਸਾਨ ਭਰਾ ਵੱਡੀ ਗਿਣਤੀ ਵਿੱਚ ਸ਼ੰਭੂ, ਖਨੌਰੀ,ਰਤਨਪੁਰਾ, ਡੱਬਵਾਲੀ ਬਾਰਡਰਾਂ ਤੇ ਵੱਡੀ ਗਿਣਤੀ ਲਗਭਗ 200 ਦਿਨ ਤੋਂ ਵੱਧ ਸਮੇਂ ਤੋਂ ਬਾਰਡਰਾਂ ਤੇ ਬੈਠੇ ਹਨ। ਲਗਾਤਾਰ ਦੋਵਾਂ ਫੋਰਮਾ ਵੱਲੋਂ ਦਿੱਤੇ ਪ੍ਰੋਗਰਾਮਾਂ ਵਿੱਚ ਲਗਾਤਾਰ ਵੱਡੀ ਗਿਣਤੀ ਕਿਸਾਨ ਮਜ਼ਦੂਰ ਭਰਾ ਤੇ ਮਾਂਵਾਂ ਭੈਣਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾ ਰਹੀ ਹੈ। ਜ਼ਿਲਾ ਆਗੂ ਸੰਤ ਰਾਮ ਛਾਜਲੀ ਤੇ ਜਸਵੀਰ ਮੈਦੇਵਾਸ ਨੇ ਬੋਲਦਿਆਂ ਕਿਹਾ ਕਿ ਦੋਵਾਂ ਫੋਰਮਾ ਵੱਲੋਂ ਦਿੱਤੇ ਪ੍ਰੋਗਰਾਮ 22 ਤਰੀਕ ਦੀ ਪੀਪਲੀ ਮਹਾਂਪੰਚਾਇਤ ਵਿਚ ਵੱਡੀ ਗਿਣਤੀ ਮਾਂਵਾਂ ਭੈਣਾਂ ਤੇ ਕਿਸਾਨ ਮਜ਼ਦੂਰ ਭਰਾਵਾਂ ਦੇ ਕਾਫਲੇ ਲੈਕੇ ਜਾਣ ਲਈ ਪੜਾਅਵਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਵੱਡੇ ਕਾਫਲੇ ਇਹਨਾਂ ਮਹਾਂਪੰਚਾਇਤ ਵਿੱਚ ਭੇਜੇ ਜਾਣਗੇ ।ਅੱਜ ਦੀ ਮੀਟਿੰਗ ਵਿੱਚ ਬਲਾਕ ਆਗੂ ਸੁਖਵਿੰਦਰ ਪੇਧਨੀ, ਕੁਲਵਿੰਦਰ ਪੇਧਨੀ, ਪ੍ਰਿਤਪਾਲ ਸਿੰਘ ਲੱਡਾ, ਬਲਜੀਤ ਸਿੰਘ ਭੋਜੋਵਾਲੀ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਮੈਂਬਰ ਪਾਰਲੀਮੈਂਟ ਡਾਕਟਰ ਰਾਜਕੁਮਾਰ ਚੱਬੇਵਾਲ ਨੂੰ ਮੰਗ ਪੱਤਰ ਸੌਂਪਿਆ




**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 18 ਸਤੰਬਰ (ਕੁਲਜੀਤ ਸਿੰਘ ਖੋਖਰ)**-ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਜਾਂਦੇ ਗੁਰਦਾਸਪੁਰ ਜੀ ਟੀ ਰੋਡ ਤੇ ਸਥਿਤ ਪਿੰਡ ਖੋਖਰਵਾਲ ਦਾ ਅੱਡਾ ਆਉਂਦਾ ਹੈ ਅੱਡੇ ਤੋਂ ਤਕਰੀਬਨ ਪਿੰਡ ਖੋਖਰਵਾਲ ਪੰਜ ਕਿਲੋਮੀਟਰ ਦੀ ਦੂਰੀ ਤੇ ਹੈ ਅਤੇ ਅੱਡੇ ਤੋਂ ਦੋ ਕਿਲੋਮੀਟਰ ਦੂਰੀ ਤੇ ਸਥਿਤ ਗੁਰਦੁਆਰਾ ਸ੍ਰੀ ਸਾਧੂਆਣਾ ਸਾਹਿਬ ਹੈ ਅਤੇ ਗੁਰਦੁਆਰਾ ਸ੍ਰੀ ਸਾਧੂਆਣਾ ਸਾਹਿਬ ਤੱਕ ਦਾ ਰੋਡ ਬਹੁਤ ਹੀ ਖ਼ਰਾਬ ਹੈ ਜੋ ਕਿ ਪਿਛਲੇ ਬਾਰਾਂ ਤੇਰਾਂ ਸਾਲਾਂ ਤੋਂ ਨਹੀਂ ਬਣਿਆ ਅਜ ਇਸ ਰੋਡ ਨੂੰ ਬਣਾਉਣ ਦੇ ਸਮਰਪਿਤ ਮੈਂਬਰ ਪਾਰਲੀਮੈਂਟ ਡਾਕਟਰ ਰਾਜਕੁਮਾਰ ਚੱਬੇਵਾਲ ਨੂੰ ਮੰਗ ਪੱਤਰ ਸੌਂਪਿਆ ਗਿਆ ਮੰਗ ਪੱਤਰ ਸੌਂਪਣ ਉਪਰੰਤ ਡਾਕਟਰ ਰਾਜਕੁਮਾਰ ਚੱਬੇਵਾਲ ਨੇ ਪਿੰਡ ਦੇ ਮੁਖਬਰ ਬੰਦਿਆਂ ਨੂੰ ਪੂਰਨ ਭਰੋਸਾ ਦਿਵਾਇਆ ਕਿ ਜ਼ੋ ਪਿੰਡ ਖੋਖਰ ਵਾਲ ਵਿਚ ਇਤਿਹਾਸਕ ਗੁਰਦੁਆਰਾ ਸ੍ਰੀ ਸਾਧੂਆਣਾ ਸਾਹਿਬ ਨੂੰ ਜਾਂਦੀ ਸੜਕ ਟੁੱਟੀ ਹੋਈ ਹੈ ਉਸ ਨੂੰ ਜਲਦੀ ਤੋਂ ਜਲਦੀ ਹੀ ਬਣਾ ਦਿੱਤਾ ਜਾਵੇਗ ਇਸ ਮੌਕੇ ਮੋਹਤਬ ਬੰਦਿਆਂ ਵੱਲੋਂ ਡਾਕਟਰ ਰਾਜ ਕੁਮਾਰ ਚੱਬੇਵਾਲ ਦਾ ਤਹਿ ਦਿਲੋਂ ਧੰਨਵਾਦ ਕੀਤਾ ਇਸ ਮੌਕੇ ਉਨ੍ਹਾਂ ਨਾਲ ਹਰਭਜਨ ਸਿੰਘ ਪਾਹੜਾ ਕੁਲਜੀਤ ਸਿੰਘ ਖੋਖਰ ਸਕੰਦਰ ਸਿੰਘ (ਸ਼ਿੰਦਾ) ਖੋਖਰਵਾਲ ਦੇ ਇਨਚਾਰਜ ਗੁਰਪਵਨਦੀਪ ਸਿੰਘ ( ਉਰਫ਼ ਸਾਂਬਾ) ਬਾਬਾ ਸੁੱਚਾ ਸਿੰਘ ਜੀ ਮੁੱਖ ਸੇਵਾਦਾਰ ਗੁਰਦੁਆਰਾ ਸ੍ਰੀ ਸਾਧੂਆਣਾ ਸਾਹਿਬ ਜੀ ਸ਼ੁਖਦੀਪ ਸਿੰਘ ਸ਼ਿੰਦਾ ਸਿੰਘ ਕੁਲਜੀਤ ਸਿੰਘ ਬਲਦੇਵ ਸਿੰਘ ਅਤੇ ਪੀਏ ਬਸੰਬਰ ਜੀ ਅਤੇ ਸਮੂਹ ਸਟਾਫ ਹਾਜ਼ਰ ਸਨ।


ਆਵਾਜ਼ਿ ਕੌਮ AWAZE QAUM International Newspaper & WEB TV

# ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ (ਪੀ.ਪੀ.ਪੀ.ਐੱਫ.) ਵਲੋਂ ਪੈਨਸ਼ਨ ਸਕੀਮ ਲਾਗੂ ਨਾ ਕਰਨ ਦੇ ਰੋਸ ਵਜੋਂ ਵਿਧਾਇਕ ਟਾਂਡਾ ਨੂੰ ਦਿੱਤਾ ਨੋਟਿਸ

**ਹੁਸ਼ਿਆਰਪੁਰ, 18 ਸਤੰਬਰ, (ਆਵਾਜ਼ਿ ਕੌਮ ਬਿਊਰੋ)**-ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ.ਪੀ.ਪੀ.ਐੱਫ਼.) ਦੇ ਇੱਕ ਵਫ਼ਦ ਜਿਸ ਵਿੱਚ ਜਥੇਬੰਦੀ ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਸੂਬਾ ਕਮੇਟੀ ਮੈਂਬਰ ਮਨਜੀਤ ਸਿੰਘ ਦਸੂਹਾ, ਰਜਿੰਦਰ ਸਿੰਘ ਹੇਜਮਾਂ, ਬਲਜਿੰਦਰ ਸਹੋਤਾ, ਜਸਮੀਤ ਸਿੰਘ, ਪ੍ਰਦੀਪ ਸ਼ਰਮਾ, ਮਨਜੀਤ ਸਿੰਘ ਸੈਣੀ, ਵਰਿੰਦਰ ਸ਼ਿਹਬਾਜ਼ਪੁਰ, ਨਿਰਮਲ ਸਿੰਘ ਨਿਹਾਲਪੁਰ, ਰਾਜਵਿੰਦਰ ਸਿੰਘ, ਵਰਿੰਦਰ ਸੈਣੀ ਅਤੇ ਮਨਵਿੰਦਰ ਸਿੰਘ ਆਦਿ ਆਗੂ ਸ਼ਾਮਿਲ ਸਨ ਨੇ ਵਿਧਾਨ ਸਭਾ ਹਲਕਾ ਉੜਮੁੜ ਦੇ ਵਿਧਾਇਕ ਸ: ਜਸਵੀਰ ਸਿੰਘ ਰਾਜਾ ਦੇ ਨਾਂ ਨੋਟਿਸ ਦਿੱਤਾ ਜਿਸਨੂੰ ਉਨ੍ਹਾਂ ਦੀ ਗ਼ੈਰ ਮੌਜੂਦਗੀ ਵਿੱਚ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ ਨੇ ਪ੍ਰਾਪਤ ਕੀਤਾ । ਇਸ ਨੋਟਿਸ ਰਾਹੀਂ ਆਗੂਆਂ ਨੇ ਦੱਸਿਆ ਕਿ ਆਪ ਸਰਕਾਰ ਪੁਰਾਣੀ ਪੈਨਸ਼ਨ ਲਾਗੂ ਕਰਨ ਦੇ ਆਪਣੇ ਚੋਣ ਵਾਅਦੇ ਤੇ ਅਮਲ ਕਰਨ ਅਤੇ ਕੇਂਦਰੀ ਭਾਜਪਾ ਹਕੂਮਤ ਵੱਲੋਂ ਪੁਰਾਣੀ ਪੈਨਸ਼ਨ ਪ੍ਰਣਾਲੀ ਖਿਲਾਫ਼ ਵਿੱਢੇ ਹਮਲੇ ਅੱਗੇ ਗੋਡੇ ਟੇਕਦਿਆਂ ਸੂਬਾ ਦੇ ਐੱਨ.ਪੀ.ਐੱਸ ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਮੁਕੰਮਲ ਨਾਕਾਮ ਸਾਬਤ ਹੋਈ ਹੈ। ਉਹਨਾਂ ਦੱਸਿਆ ਕਿ ਆਪ ਸਰਕਾਰ ਦੇ ਢਾਈ ਸਾਲ ਬੀਤਣ ਦੇ ਬਾਵਜੂਦ ਕਿਸੇ ਵੀ ਮੁਲਾਜ਼ਮ ਦਾ ਜੀ.ਪੀ.ਐੱਫ. ਖਾਤਾ ਨਹੀਂ ਖੁੱਲਿਆ ਬਲਕਿ ਨਵੀਆਂ ਭਰਤੀਆਂ ਉੱਤੇ ਵੀ ਐੱਨ.ਪੀ.ਐੱਸ. ਸਕੀਮ ਲਾਗੂ ਕੀਤੀ ਜਾ ਰਹੀ ਹੈ। ਆਪ ਸਰਕਾਰ ਵੱਲੋਂ 18 ਨਵੰਬਰ 2022 ਨੂੰ ਜਾਰੀ ਕੀਤਾ ਸੂਬੇ ਅੰਦਰ ਪੁਰਾਣੀ ਪੈਨਸ਼ਨ ਸਕੀਮ ਮੁੜ ਬਹਾਲ ਕਰਨ ਦਾ ਨੋਟੀਫਿਕੇਸ਼ਨ ਵੀ ਇੱਕ ਕਾਗਜੀ ਜੁਮਲਾ ਸਾਬਿਤ ਹੋਇਆ ਹੈ। ਆਪ ਸਰਕਾਰ ਦੀ ਇਸ ਨਾਕਾਮੀ ਦੇ ਰੋਸ ਵਜੋਂ ਅੱਜ ਪੀ.ਪੀ.ਪੀ.ਐੱਫ. ਵਲੋਂ ਹਲਕਾ ਉੜਮੁੜ ਦੇ ਵਿਧਾਇਕ ਅਤੇ ਮੁੱਖ ਮੰਤਰੀ ਪੰਜਾਬ ਦੇ ਨਾਂ 'ਕਾਰਨ ਦੱਸੋ ਨੋਟਿਸ' ਜਾਰੀ ਕੀਤਾ ਗਿਆ ਹੈ। ਇਸ ਨੋਟਿਸ ਦਾ ਕੋਈ ਸਪੱਸ਼ਟੀਕਰਨ 30 ਸਤੰਬਰ ਤੱਕ ਜਾਰੀ ਨਾ ਹੋਣ ਦੀ ਸੂਰਤ ਵਿੱਚ 1 ਤੋਂ 3 ਅਕਤੂਬਰ ਤੱਕ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ 'ਪੈਨਸ਼ਨ ਪ੍ਰਾਪਤੀ ਮੋਰਚਾ' ਲਗਾਇਆ ਜਾਵੇਗਾ।

19 ਤੋਂ 23 ਸਤੰਬਰ ਤੱਕ ਲਈ ਬਾਬਾ ਫ਼ਰੀਦ ਮੇਲੇ 'ਤੇ ਵਿਸ਼ੇਸ਼

# ਮਹਾਨ ਸੂਫੀ ਸੰਤ ਤੇ ਵਿਦਵਾਨ ਸ਼ੇਖ਼ ਫ਼ਰੀਦ ਜੀ





**ਮਹਾਨ** ਸੂਫ਼ੀ ਸੰਤ ਸ਼ੇਖ਼ ਫ਼ਰੀਦ ਜੀ ਦਾ ਸਮਾਂ ਈਸਾ ਦੀ 12ਵੀਂ ਸਦੀ ਹੈ। ਸ਼ੇਖ਼ ਫ਼ਰੀਦ ਦਾ ਸਥਾਨ ਪੰਜਾਬੀ ਸਾਹਿਤ ਵਿੱਚ ਉਹ ਹੈ ਜੋ ਚਾਸਰ ਦਾ ਅੰਗਰੇਜ਼ੀ ਸਾਹਿਤ ਵਿੱਚ ਹੈ। ਸ਼ੇਖ਼ ਫ਼ਰੀਦ ਦਾ ਜਨਮ ਸ਼ੇਖ ਜਮਾਲੁਦੀਨ ਸੁਲੇਮਾਨ ਦੇ ਗ੍ਰਹਿ ਮਾਤਾ ਮਰੀਅਮ ਦੀ ਕੁੱਖ ਤੋਂ ਕੋਠੀਵਾਲ ਪਿੰਡ ਵਿੱਚ ਸੰਮਤ 1230 ਬਿਕਰਮੀ, ਸੰਨ 1173 ਈ: ਨੂੰ ਹੋਇਆ। ਫ਼ਰੀਦ ਜੀ ਨੂੰ ਬਚਪਨ ਵਿੱਚ ਹੀ ਵਿੱਦਿਆ ਪੜ੍ਹਨ ਲਈ ਬਿਠਾਇਆ ਗਿਆ। ਵਿੱਦਿਆ ਪ੍ਰਾਪਤੀ ਲਈ ਆਪ ਕੋਠੀਵਾਲ ਨੂੰ ਛੱਡ ਕੇ ਮੁਲਤਾਨ ਚਲੇ ਗਏ ਕਿਉਂਕਿ ਉਹਨਾਂ ਦਿਨਾਂ ਵਿੱਚ ਮੁਲਤਾਨ ਸੰਸਾਰਿਕ ਤੇ ਰੂਹਾਨੀ ਵਿੱਦਿਆ ਦਾ ਕੇਂਦਰ ਸੀ। ਇਸ ਲਈ ਆਪ ਦੀ ਮੁੱਢਲੀ ਵਿੱਦਿਆ ਮੁਲਤਾਨ ਵਿੱਚ ਹੀ ਸ਼ੁਰੂ ਹੋਈ। ਫ਼ਰੀਦ ਜੀ ਖ਼ਵਾਜਾ ਬਖ਼ਿਤਆਰ ਕਾਕੀ ਦੇ ਮੁਰੀਦ ਹੋਏ ਹਨ।

ਬਾਬਾ ਫ਼ਰੀਦ ਜੀ ਮਹਾਨ ਤਿਆਗੀ, ਪਰਮ ਤਪੱਸਵੀ, ਕਰਤਾਰ ਦੇ ਅਨਿੰਨ ਉਪਾਸ਼ਕ ਤੇ ਵੱਡੇ ਵਿਦਵਾਨ ਸਨ ।ਆਪ ਦਾ ਇੱਕ ਵਿਆਹ ਨਾਸਰਦੀਨ ਮਹਿਮੂਦ ਬਾਦਸ਼ਾਹ ਦਿੱਲੀ ਦੀ ਪੁੱਤਰੀ ਹਜ਼ਬਰਾ ਨਾਲ ਹੋਇਆ। ਜਿਸ ਨੂੰ ਉਹਨਾਂ ਨੇ ਦਰਵੇਸ਼ੀ ਕੱਪੜੇ ਪਹਿਨਾ ਕੇ ਆਪਣੇ ਅੰਗ-ਸੰਗ ਰੱਖਿਆ। ਇਸ ਤੋਂ ਇਲਾਵਾ ਤਿੰਨ ਹੋਰ ਇਸਤਰੀਆਂ ਫ਼ਰੀਦ ਜੀ ਦੀਆਂ ਪਹਿਲਾਂ ਸਨ। ਆਪ ਜੀ ਦੀਆਂ ਤਿੰਨ ਪੁੱਤਰੀਆਂ ਤੇ ਪੰਜ ਪੁੱਤਰ ਸਨ। ਸ਼ੇਖ਼ ਫ਼ਰੀਦ ਜੀ 93 ਸਾਲ ਦੀ ਉਮਰ ਬਤੀਤ ਕਰਕੇ ਸੰਮਤ 1323 ਬਿਕਰਮੀ, ਸੰਨ 1266 ਈ: ਨੂੰ ਪਾਕਪਟਨ ਵਿੱਚ ਜੋਤੀ-ਜੋਤਿ ਸਮਾ ਗਏ। ਸ਼ੇਖ਼ ਫ਼ਰੀਦ ਨੂੰ 'ਬਾਬਾ ਫ਼ਰੀਦ' ਵੀ ਕਿਹਾ ਜਾਂਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਬਾਬਾ ਫ਼ਰੀਦ ਜੀ ਦੀ ਬੰਸਾਵਲੀ ਇਸ ਪ੍ਰਕਾਰ ਹੈ:**-ਸ਼ੇਖ਼ ਜਮਾਲੁਦੀਨ, ਬਾਬਾ ਫ਼ਰੀਦੁਦੀਨ ਮਸਊਦ ਸ਼ਕਰਗੰਜ, ਦੀਵਾਨ ਬਦਰੂਦੀਨ ਸੁਲੇਮਾਨ, ਖ਼ਵਾਜਾ ਪੀਰ ਅਲਾਉਦੀਨ, ਖ਼ਵਾਜਾ ਪੀਰ ਮੁਇਜ਼ਦੀਨ, ਖ਼ਵਾਜਾ ਦੀਵਾਨ ਪੀਰ ਫ਼ਜ਼ਲ, ਖ਼ਵਾਜਾ ਮੁਨੱਵਰ ਸ਼ਾਹ, ਦੀਵਾਨ ਪੀਰ ਬਹਉਦੀਨ, ਦੀਵਾਨ ਸ਼ੇਖ਼ ਅਹਿਮਦ ਸ਼ਾਹ, ਦੀਵਾਨ ਪੀਰ ਅਤਾਉਲਾ, ਖ਼ਵਾਜਾ ਸ਼ੇਖ਼ ਮੁਹੰਮਦ, ਸ਼ੇਖ਼ ਬ੍ਰਹਮ (ਇਬਰਾਹੀਮ)।

ਸ਼ੇਖ਼ ਫ਼ਰੀਦ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾਰ ਸ਼ਬਦ ਹਨ। ਰਾਗ ਆਸਾ (ਅੰਗ 488) ਵਿੱਚ ਇੱਕ ਚਉਪਦਾ ਤੇ ਇੱਕ ਅਸਟਪਦੀ ਅਤੇ ਰਾਗ ਸੂਹੀ (ਅੰਗ 794) ਵਿੱਚ ਇੱਕ ਚਉਪਦਾ ਅਤੇ ਇੱਕ ਤਿਪਦਾ। ਸਲੋਕ ਸ਼ੇਖ਼ ਫ਼ਰੀਦ ਕੇ ਦੇ ਸਿਰਲੇਖ ਹੇਠ 130 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 1377 ਤੋਂ 1384 ਤੱਕ ਦਰਜ ਹਨ। ਉਹ ਪਹਿਲੇ ਕਵੀ ਹਨ। ਜਿਨ੍ਹਾਂ ਨੇ ਆਪਣੇ ਖ਼ਿਆਲ ਪੰਜਾਬੀ ਵਿੱਚ ਪ੍ਰਗਟ ਕੀਤੇ। ਪੰਜਾਬੀ ਦੇ ਇਸ ਜੇਠੇ ਤੇ ਉੱਤਮ ਕਵੀ ਨੇ ਇੱਕ ਨਵੀਂ ਸ਼ੈਲੀ ਸ਼ਬਦਾਵਲੀ ਨੂੰ ਜਨਮ ਦਿੱਤਾ। ਆਪ ਦੇ ਕਲਾਮ ਵਿੱਚ ਪਹਿਲਾਂ ਫ਼ਾਰਸੀ, ਅਰਬੀ ਸ਼ਬਦਾਂ ਨੂੰ ਪੰਜਾਬੀ ਰੂਪ ਦਿੱਤਾ ਗਿਆ। ਸ਼ੇਖ਼ ਫ਼ਰੀਦ ਲਹਿੰਦੇ ਪੰਜਾਬ ਦੇ ਵਸਨੀਕ ਸਨ। ਇਸ ਕਰਕੇ ਇਹਨਾਂ ਦੀ ਭਾਸ਼ਾ ਨੂੰ ਲਹਿੰਦੀ ਕਿਹਾ ਜਾਂਦਾ ਹੈ।

ਪਾਕਿਸਤਾਨ ਵਿੱਚ ਬਾਬਾ ਫ਼ਰੀਦ ਦਾ ਮਕਬਰਾ ਅੱਜ ਵੀ ਕਾਇਮ ਹੈ। ਉਥੇ ਹਿੰਦੂ, ਮੁਸਲਮਾਨ, ਸਿੱਖ, ਈਸਾਈ ਸਭ ਨੂੰ ਸ਼ਾਮਲ ਕਰਕੇ ਇੱਕ ਟ੍ਰਸਟ ਕਾਇਮ ਕੀਤਾ ਗਿਆ। ਜਿਸ ਦਾ ਨਾਂ 'ਜਾਤੀ ਉਮਰਾ ਹਿੰਦ-ਪਾਕਿ ਪਰਿਵਾਰ ਮਿਲਾਪ ਚੈਰਿਟੀ ਟ੍ਰਸਟ' ਹੈ। ਇਸ ਟ੍ਰਸਟ ਦੇ ਸਰਪ੍ਰਸਤ ਮੀਆਂ ਮੁਹੰਮਦ ਸਾਹਿਬ ਹਨ।

ਸ਼ੇਖ਼ ਫ਼ਰੀਦ ਖੋਜ ਕਰਦਿਆਂ ਕਰਦਿਆਂ, ਮੋਕਲਹਰ ਸ਼ਹਿਰ ਆ ਗਏ। ਜਿਸ ਅਸਥਾਨ ਤੇ ਉਹ ਠਹਿਰੇ ਉਸ ਨੂੰ ਅੱਜ ਗੋਦੜੀ ਸਾਹਿਬ ਕਿਹਾ ਜਾਂਦਾ ਹੈ। ਗੁਰਦੁਆਰਾ ਗੋਦੜੀ ਸਾਹਿਬ ਦੇ ਇਤਿਹਾਸ ਬਾਰੇ ਕਿਹਾ ਜਾਂਦਾ ਹੈ ਕਿ ਬਾਬਾ ਫ਼ਰੀਦ ਜੀ 1215 ਈ: ਵਿੱਚ ਜਦੋਂ ਦਿੱਲੀ ਤੋਂ ਪਾਕਪਟਨ ਜਾ ਰਹੇ ਸਨ ਤਾਂ ਇੱਥੇ ਆ ਕੇ ਉਹਨਾਂ ਆਪਣੇ ਗੁਰੂ ਬਖ਼ਿਤਆਰ ਕਾਕੀ ਵੱਲੋਂ ਬਖ਼ਸ਼ੀ ਹੋਈ ਗੋਦੜੀ ਦਰੱਖ਼ਤ ਤੇ ਟੰਗ ਦਿੱਤੀ ਅਤੇ ਆਪ ਖਾਣ-ਪੀਣ ਦਾ ਸਮਾਨ ਲੈਣ ਚਲੇ ਗਏ। ਉਸ ਵੇਲੇ ਇੱਥੋਂ ਦੇ ਰਾਜੇ ਮੋਕਲਹਰ ਵੱਲੋਂ ਕਿਲ੍ਹੇ ਦੀ ਉਸਾਰੀ ਕਰਵਾਈ ਜਾ ਰਹੀ ਸੀ। ਰਾਜੇ ਦੇ ਮੁਲਾਜ਼ਮਾਂ (ਅਹਿਲਕਾਰਾਂ) ਵੱਲੋਂ ਬਾਬਾ ਫ਼ਰੀਦ ਜੀ ਨੂੰ ਫੜ ਕੇ ਵਗਾਰ ਵਿੱਚ ਲਾ ਲਿਆ ਅਤੇ ਉਹ ਕਿਲ੍ਹੇ ਦੀ ਉਸਾਰੀ ਵਿੱਚ ਗਾਰਾ ਫੜ੍ਹਾਉਣ ਲੱਗੇ ।ਅਚਾਨਕ ਰਾਜੇ ਦੀ ਨਿਗ੍ਹਾ ਬਾਬਾ ਫ਼ਰੀਦ ਜੀ ਤੇ ਪਈ। ਉਹਨਾਂ ਦੇਖਿਆ ਕਿ ਜਦੋਂ ਬਾਬਾ ਜੀ ਗਾਰੇ ਦੇ ਟੋਕਰੇ ਚੁੱਕਦੇ ਹਨ ਤਾਂ ਟੋਕਰਾ (ਬੱਨਲ/ਤਸਲਾ) ਉਹਨਾਂ ਦੇ ਸਿਰ ਤੋਂ ਰੱਬੀ ਸ਼ਕਤੀ ਨਾਲ ਆਪਣੇ ਆਪ ਉੱਚਾ ਹੋ ਜਾਂਦਾ ਸੀ ਅਤੇ ਟੋਕਰੇ ਦਾ ਭਾਰ ਉਹਨਾਂ ਦੇ ਸਿਰ 'ਤੇ ਨਹੀਂ ਆਉਂਦਾ ਸੀ। ਇਹ ਕੌਤਕ ਦੇਖ ਕੇ ਰਾਜਾ ਸਮਝ ਗਿਆ ਕਿ ਇਹ ਕੋਈ ਫ਼ਕੀਰ ਹਨ ।ਉਸ ਨੇ ਬਾਬਾ ਫ਼ਰੀਦ ਜੀ ਦੇ ਚਰਨ (ਪੈਰ) ਫੜ ਕੇ ਮੁਆਫ਼ੀ ਮੰਗੀ ।ਬਾਬਾ ਫ਼ਰੀਦ ਵਗਾਰ ਵਿੱਚ ਫੜੇ ਹੋਏ ਗ਼ਰੀਬ ਲੋਕਾਂ ਨੂੰ ਰਿਹਾਅ ਕਰਵਾਉਣ ਉਪਰੰਤ ਜਦ ਮੁੜ ਛੱਪੜੀ ਦੇ ਕਿਨਾਰੇ ਪਹੁੰਚੇ ਤਾਂ ਕੁਝ ਮੁੰਡੇ ਬਾਬਾ ਜੀ ਦੀ ਗੋਦੜੀ ਦੀ ਖੁੱਦੋ (ਗੇਂਦ) ਬਣਾ ਕੇ ਖੇਡ ਰਹੇ ਸਨ। ਬਾਬਾ ਜੀ ਨੇ ਆਪਣੇ ਗੁਰੂ ਵੱਲੋਂ ਬਖ਼ਸ਼ੀ ਗੋਦੜੀ ਤੋਂ ਵੱਖ ਹੋਣ ਦੀ ਭੁੱਲ ਨੂੰ ਬਖ਼ਸ਼ਾਉਣ ਲਈ 40 ਦਿਨ ਚਲੀਹਾ ਕੱਟਿਆ। ਬਾਅਦ ਵਿੱਚ ਇਸ ਅਸਥਾਨ ਦਾ ਨਾਂ 'ਗੋਦੜੀ ਸਾਹਿਬ' ਪੈ ਗਿਆ, ਜਿੱਥੇ ਲੋਕ ਆ ਕੇ ਨਤਮਸਤਕ ਹੁੰਦੇ ਹਨ ਅਤੇ ਮਨ-ਇੱਛਤ ਕਾਮਨਾਵਾਂ ਪੂਰੀਆਂ ਕਰਦੇ ਹਨ।

ਇਸ ਪਿੱਛੋਂ ਰਾਜਾ ਮੋਕਲਹਰ ਨੇ ਆਪਣਾ ਨਾਂ ਹਟਾ ਕੇ ਦਰਵੇਸ਼/ਫ਼ਕੀਰ ਦੇ ਨਾਂ ਤੇ ਨਗਰ ਦਾ ਨਾਂ 'ਫ਼ਰੀਦਕੋਟ' ਰੱਖ ਦਿੱਤਾ। ਇਸ ਸ਼ਹਿਰ ਨੂੰ ਬਾਬਾ ਫ਼ਰੀਦ ਜੀ ਦੇ ਸ਼ਹਿਰ ਫ਼ਰੀਦਕੋਟ ਵਜੋਂ ਜਾਣਿਆ ਜਾਂਦਾ ਹੈ। ਫ਼ਰੀਦਕੋਟ ਵਿੱਚ ਗੁਰਦੁਆਰਾ ਟਿੱਲਾ ਬਾਬਾ ਸ਼ੇਖ਼ ਫ਼ਰੀਦ ਜੀ ਦਾ ਗੁਰਦੁਆਰਾ ਸਥਿਤ ਹੈ ਜੋ ਅੱਜ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਉਹ ਵਣ ਦਾ ਦਰੱਖ਼ਤ ਜਿਸ ਨਾਲ ਬਾਬਾ ਫ਼ਰੀਦ ਜੀ ਨੇ ਗਾਰੇ ਦੀ ਟੋਕਰੀ ਚੁੱਕਦੇ ਸਮੇਂ ਆਪਣੇ ਗਾਰੇ ਨਾਲ ਲਿੱਬੜੇ ਹੋਏ ਹੱਥ ਪੂੰਝੇ (ਸਾਫ਼ ਕੀਤੇ) ਸਨ। ਬਾਬਾ ਜੀ ਦੇ ਇਸ ਅਸਥਾਨ ਤੇ ਪਿਛਲੇ ਸੈਂਕੜੇ ਸਾਲਾਂ ਤੋਂ ਜੋਤ ਲਗਾਤਾਰ ਜਲ ਰਹੀ ਹੈ। ਇਸ ਅਸਥਾਨ ਤੇ ਹਰ ਵੀਰਵਾਰ ਨੂੰ ਵੱਡੀ ਤਾਦਾਦ ਵਿੱਚ ਸੰਗਤਾਂ ਪਹੁੰਚਦੀਆਂ ਹਨ। ਸੰਗਤਾਂ ਵੱਲੋਂ ਨਮਕ, ਝਾੜੂ, ਅਤੇ ਮਿਸ਼ਰੀ ਦਾ ਪ੍ਰਸ਼ਾਦ ਚੜ੍ਹਾਇਆ ਜਾਂਦਾ ਹੈ । ਸਵੇਰ ਤੋਂ ਰਾਤ ਤੱਕ ਰਾਗੀ, ਢਾਡੀ, ਪ੍ਰਚਾਰਕ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ। ਬਾਜ਼ਾਰ ਵਿੱਚ ਵੀ ਖ਼ੂਬ ਚਹਿਲ-ਪਹਿਲ ਹੁੰਦੀ ਹੈ।

ਬਾਬਾ ਫ਼ਰੀਦ ਜੀ ਇੱਕ ਧਾਰਮਿਕ ਸ਼ਖ਼ਸੀਅਤ ਸਨ । ਪਰ ਅਜੋਕੇ ਸਮੇਂ ਵਿੱਚ ਬਾਬਾ ਫ਼ਰੀਦ ਜੀ ਦੇ ਨਾਂ 'ਤੇ ਅਨੇਕਾਂ ਸੰਸਥਾਵਾਂ ਫ਼ਰੀਦਕੋਟ ਵਿੱਚ ਹੀ ਨਹੀਂ ਸਗੋਂ ਆਲੇ ਦੁਆਲੇ ਦੇ ਪਿੰਡਾਂ, ਸ਼ਹਿਰਾਂ ਵਿੱਚ ਵੀ ਬਣ ਚੁੱਕੀਆਂ ਹਨ। ਗੁਰਦੁਆਰਾ ਗੋਦੜੀ ਸਾਹਿਬ, ਬਾਬਾ ਫ਼ਰੀਦ ਸੁਸਾਇਟੀ, ਟਿੱਲਾ ਬਾਬਾ ਫ਼ਰੀਦ, ਬਾਬਾ ਫ਼ਰੀਦ ਹੈਲਥ ਯੂਨੀਵਰਸਿਟੀ, ਬਾਬਾ ਫ਼ਰੀਦ ਸੱਭਿਆਚਾਰਕ ਕੇਂਦਰ, ਬਾਬਾ ਫ਼ਰੀਦ ਪਬਲਿਕ ਸਕੂਲ, ਬਾਬਾ ਫ਼ਰੀਦ ਹਾਕੀ, ਫੁੱਟਬਾਲ, ਕਬੱਡੀ, ਬਾਸਕਟਬਾਲ ਕਲੱਬਾਂ, ਬਾਬਾ ਫ਼ਰੀਦ ਆਰਟ ਸੁਸਾਇਟੀ, ਬਾਬਾ ਫ਼ਰੀਦ ਕੁਸ਼ਤੀ ਅਖਾੜਾ ਆਦਿ ਬਾਬਾ ਫ਼ਰੀਦ ਜੀ ਦੇ ਨਾਂ ਤੇ ਫ਼ਰੀਦਕੋਟ ਵਿਖੇ ਸਥਾਪਿਤ ਹਨ।

ਬਾਬਾ ਫ਼ਰੀਦ ਸੁਸਾਇਟੀ ਦੇ ਪ੍ਰਧਾਨ ਸ੍ਰ: ਇੰਦਰਜੀਤ ਸਿੰਘ ਖ਼ਾਲਸਾ ਸਨ। ਇਹਨਾਂ ਦੇ ਉੱਦਮ ਸਦਕਾ ਹੀ ਸੰਨ 1979 ਈਸਵੀ ਤੋਂ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਦੀ ਖ਼ੁਸ਼ੀ ਵਿੱਚ ਮੇਲਾ ਮਨਾਉਣਾ ਸ਼ੁਰੂ ਕੀਤਾ ਗਿਆ। ਇਹ ਮੇਲਾ ਪ੍ਰਸ਼ਾਸਨ, ਰੈਡਕਰਾਸ, ਵਿਦਿਅਕ ਸੰਸਥਾਵਾਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਮਨਾਇਆ ਜਾਂਦਾ ਹੈ। ਇਸ ਮੇਲੇ ਵਿੱਚ ਸੰਗੀਤ ਮੰਡਲੀਆਂ, ਰਾਗੀ, ਢਾਡੀ, ਨਾਟਕ, ਸੂਫੀਆਨਾ ਕਲਾਮ, ਖੇਡਾਂ, ਸੈਮੀਨਾਰ ਤੇ ਨਗਰ-ਕੀਰਤਨ ਦਾ ਪ੍ਰਬੰਧ ਵੀ ਕੀਤਾ ਜਾਣ ਲੱਗ ਪਿਆ ਹੈ । ਮੇਲੇ ਵਿੱਚ ਰੱਥ, ਘੋੜੇ, ਊਠ, ਹਾਥੀ ਅਤੇ ਵੱਖ-ਵੱਖ ਵਿਰਾਸਤੀ ਆਈਟਮਾਂ ਵੀ ਲੋਕਾਂ ਦੇ ਦੇਖਣਯੋਗ ਹੁੰਦੀਆਂ ਹਨ । ਮੇਲੇ ਮੌਕੇ ਸ਼ਹਿਰ ਨੂੰ ਬਿਜਲੀ ਦੀਆਂ ਰੰਗੀਨ ਲੜੀਆਂ ਨਾਲ ਖ਼ੂਬਸੂਰਤ ਸਜਾਇਆ ਜਾਂਦਾ ਹੈ । ਹਰ ਸਾਲ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਤੇ 23 ਸਤੰਬਰ ਨੂੰ ਡਿਪਟੀ ਕਮਿਸ਼ਨਰ ਵੱਲੋਂ ਵਿਦਿਅਕ ਅਦਾਰਿਆਂ, ਦਫਤਰਾਂ, ਬੋਰਡਾਂ ਵਿੱਚ ਛੁੱਟੀ ਕੀਤੀ ਜਾਂਦੀ ਹੈ। ਸ੍ਰ: ਭਗਤ ਸਿੰਘ ਜੀ ਡਿਪਟੀ ਕਮਿਸ਼ਨਰ ਨੇ ਪੰਜਾਬ ਸਰਕਾਰ ਤੋਂ ਬਾਬਾ ਫਰੀਦ ਜੀ ਦੇ ਮੇਲੇ 'ਤੇ ਆਪਣੇ ਯਤਨਾਂ ਸਦਕਾ ਸਰਕਾਰੀ ਛੁੱਟੀ ਮਨਜ਼ੂਰ ਕਰਵਾਈ ਸੀ ।

ਆਵਾਜ਼ਿ ਕੌਮ AWAZE QAUM International Newspaper & WEB TV

19 ਸਤੰਬਰ ਦਿਨ ਵੀਰਵਾਰ ਨੂੰ ਸਵੇਰੇ 6-45 ਵਜੇ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਜੀ ਅਤੇ ਸਵੇਰੇ 10-30 ਵਜੇ ਗੁਰਦੁਆਰਾ ਗੋਦੜੀ ਸਾਹਿਬ ਵਿਖੇ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਸਮਾਗਮ ਦੀ ਸ਼ੁਰੂਆਤ ਹੋਵੇਗੀ। ਇਸੇ ਦਿਹਾੜੇ ਹੀ ਰਾਤ ਨੂੰ 7-45 ਵਜੇ ਤੋਂ 8-45 ਵਜੇ ਤੱਕ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਜੀ ਐਡੀਸ਼ਨਲ ਹੈੱਡ ਗ੍ਰੰਥੀ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, 8-45 ਵਜੇ ਤੋਂ 9-45 ਵਜੇ ਤੱਕ ਭਾਈ ਅਮਨਦੀਪ ਸਿੰਘ ਜੀ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਮ੍ਰਿਤਮਈ ਕੀਰਤਨ ਤੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

20 ਸਤੰਬਰ ਦਿਨ ਸ਼ੁੱਕਰਵਾਰ ਸ਼ਾਮ 7-45 ਵਜੇ ਤੋਂ 8-45 ਵਜੇ ਤੱਕ ਸਿੰਘ ਸਾਹਿਬ ਗਿਆਨੀ ਨਿਸ਼ਾਨ ਸਿੰਘ ਜੀ ਹੈਡ ਗ੍ਰੰਥੀ ਬੀੜ ਬਾਬਾ ਬੁੱਢਾ ਸਾਹਿਬ ਜੀ ਤਰਨਤਾਰਨ, 8-45 ਵਜੇ ਤੋਂ 9-45 ਵਜੇ ਤੱਕ ਭਾਈ ਲਖਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

21 ਸਤੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਅਖੰਡ-ਪਾਠ ਸਾਹਿਬ ਆਰੰਭ ਹੋਵੇਗਾ। ਇਸੇ ਦਿਹਾੜੇ ਹੀ ਗੁਰਦੁਆਰਾ ਗੋਦੜੀ ਸਾਹਿਬ ਵਿਖੇ ਸ਼ਾਮ ਨੂੰ 7-45 ਵਜੇ ਤੋਂ 8-45 ਵਜੇ ਤੱਕ ਪ੍ਰਿੰਸੀਪਲ ਹਰਭਜਨ ਸਿੰਘ ਜੀ ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਚੌਂਤਾ ਕਲਾਂ ਰੋਪੜ, 8-45 ਵਜੇ ਤੋਂ 9-45 ਵਜੇ ਤੱਕ ਗਿਆਨੀ ਜੋਗਿੰਦਰ ਸਿੰਘ ਜੀ ਖੰਡਸਾਲ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

22 ਸਤੰਬਰ ਦਿਨ ਐਤਵਾਰ ਨੂੰ ਸ਼ਾਮ 7-45 ਵਜੇ ਤੋਂ 8-45 ਵਜੇ ਤੱਕ ਭਾਈ ਗੁਰਮਨਪ੍ਰੀਤ ਸਿੰਘ, ਭਾਈ ਹਰਮਨਪ੍ਰੀਤ ਸਿੰਘ ਦਿੱਲੀ ਵਾਲੇ, 8-45 ਵਜੇ ਤੋਂ 9-45 ਵਜੇ ਤੱਕ ਭਾਈ ਹਰਜੋਤ ਸਿੰਘ ਜੀ ਜ਼ਖ਼ਮੀ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

23 ਸਤੰਬਰ ਦਿਨ ਸੋਮਵਾਰ ਨੂੰ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਵਿਖੇ ਸਵੇਰੇ 8-30 ਵਜੇ ਸ਼੍ਰੀ ਅਖੰਡ-ਸਾਹਿਬ ਦੇ ਭੋਗ ਪਾਏ ਜਾਣਗੇ, ਅਰਦਾਸ ਉਪਰੰਤ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਤੋਂ ਗੁਰਦੁਆਰਾ ਗੋਦੜੀ ਸਾਹਿਬ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਸੇ ਦਿਹਾੜੇ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਧਾਰਮਿਕ, ਦੀਵਾਨ ਸਜਾਏ ਜਾਣਗੇ। ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ, ਉੱਚ ਸ਼ਖ਼ਸ਼ੀਅਤਾਂ ਬਾਬਾ ਫ਼ਰੀਦ ਜੀ ਦੇ ਜੀਵਨ ਤੇ ਫ਼ਲਸਫ਼ੇ ਬਾਰੇ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਦੋ ਵਿਅਕਤੀਆਂ ਨੂੰ 'ਬਾਬਾ ਫ਼ਰੀਦ ਐਵਾਰਡ' ਨਾਲ ਸਨਮਾਨਿਤ ਕੀਤਾ ਜਾਵੇਗਾ, ਇਸ ਐਵਾਰਡ ਵਿੱਚ ਸਿਰੋਪਾਉ, ਸਨਮਾਨ ਚਿੰਨ੍ਹ ਤੇ ਇੱਕ ਲੱਖ ਰੁਪਏ ਦਿੱਤਾ ਜਾਵੇਗਾ । ਗੁਰੂ ਕਾ ਲੰਗਰ ਅਤੁੱਟ ਵਰਤੇਗਾ। 22 ਤੇ 23 ਸਤੰਬਰ ਨੂੰ ਫ਼ਰੀਦਕੋਟ ਸ਼ਹਿਰ ਦੇ ਵਾਸੀ ਆਪਣੇ ਘਰਾਂ ਵਿੱਚ ਰੋਸ਼ਨੀ ਕਰਕੇ ਬਾਬਾ ਫਰੀਦ ਜੀ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ।

**-ਕਰਨੈਲ ਸਿੰਘ ਐੱਮ.ਏ.ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ**
**ਗਲੀ ਨੰਬਰ-1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ**

# ਮੰਤਰੀ ਈ.ਟੀ.ਓ.ਦੀ ਅਗਵਾਈ 'ਚ ਪਿੰਡ ਮਹਿਤਾ ਦਾ ਵਿਕਾਸ ਸਿਖਰਾਂ ਤੇ : ਬਾਬਾ ਦਇਆ ਸਿੰਘ



ਚੌਂਕ ਮਹਿਤਾ 18 ਸਤੰਬਰ, (ਬਾਬਾ ਸੁਖਵੰਤ ਸਿੰਘ ਚੰਨਣਕੇ)- ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਅੱਜ ਪਿੰਡ ਮਹਿਤਾ ਵਿਖੇ ਇਕ ਭਰਵੀਂ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੀ ਅਗਵਾਈ ਸੀਨੀਅਰ 'ਆਪ' ਆਗੂ ਬਾਬਾ ਦਇਆ ਸਿੰਘ ਮਹਿਤਾ ਨੇ ਕੀਤੀ ਅਤੇ ਇਸ ਮੀਟਿੰਗ ਦੇ ਵਿਚ ਬਲਾਕ ਪ੍ਰਧਾਨ ਜਰਮਨ ਉਦੋਨੰਗਲ ਵੀ ਉਚੇਚੇ ਤੌਰ ਤੇ ਪਹੁੰਚੇ। ਇਸ ਦੌਰਾਨ 'ਆਪ' ਆਗੂ ਬਾਬਾ ਦਇਆ ਸਿੰਘ ਨੇ ਕਿਹਾ ਕਿ ਮਾਨਯੋਗ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਦੀ ਅਗਵਾਈ ਦੇ ਵਿਚ ਸਾਡੇ ਪਿੰਡ ਦੇ ਬਹੁਤ ਸਾਰੇ ਰੁਕੇ ਹੋਏ ਅਤੇ ਨਵੇਂ ਕੰਮ ਸ਼ੁਰੂ ਹੋਏ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਲੰਬੇ ਅਰਸੇ ਤੋਂ ਵਾਟਰ ਸਪਲਾਈ ਪ੍ਰਜੈਕਟ ਸਾਡੇ ਪਿੰਡ ਵਿਚ ਬੰਦ ਪਿਆ ਸੀ, ਲੋਕ ਪਾਣੀ ਦੀ ਸਰਕਾਰੀ ਸਹੂਲਤ ਤੋਂ ਵਾਂਝੇ ਸਨ। ਮੰਤਰੀ ਈ. ਟੀ. ਓ. ਨੇ ਇਸ ਪ੍ਰਜੈਕਟ ਨੂੰ ਮੁੜ ਸ਼ੁਰੂ ਕਰਵਾ ਕੇ ਲੋਕਾਂ ਦੀ ਪ੍ਰੇਸ਼ਾਨੀ ਨੂੰ ਦੂਰ ਕੀਤਾ ਹੈ। ਇਸੇ ਤਰਾਂ ਪਿੰਡ ਦੀਆਂ ਗਲੀਆਂ ਵਿਚ ਇੰਟਰਲਾਕ ਟਾਈਲਾਂ ਲਗਾਉਣ ਦਾ ਕੰਮ ਅਤੇ ਕੱਚੇ ਰਸਤਿਆਂ ਨੂੰ ਪੱਕਾ ਕਰਨ ਦਾ ਕੰਮ ਵੀ ਜੋਰਾ ਤੇ ਚੱਲ ਰਿਹਾ ਹੈ। ਉਨ੍ਹਾਂ ਆਖਿਆ ਕਿ ਸਾਡੇ ਪਿੰਡ ਦੇ ਲੋਕ ਬਿਜਲੀ ਦੀਆਂ ਸਮਸਿਆਵਾਂ ਨਾਲ ਜੂਝ ਰਹੇ ਸਨ, ਪਰ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣ ਤੋਂ ਬਾਅਦ ਨਵੇਂ ਟਰਾਂਸਫਾਰਮਰ ਲਗਾਏ ਗਏ, ਅਤੇ ਬਿਜਲੀ ਦੀਆਂ ਹੋਰ ਪ੍ਰੇਸ਼ਾਨੀਆਂ ਵੀ ਦੂਰ ਕਰ ਦਿੱਤੀਆਂ ਗਈਆਂ ਹਨ। 'ਆਪ' ਆਗੂ ਬਾਬਾ ਦਇਆ ਸਿੰਘ ਮਹਿਤਾ ਨੇ ਆਖਿਆ ਕਿ ਅੱਜ ਆਮ ਲੋਕ ਸਰਕਾਰ ਦੀਆਂ ਨੀਤੀਆਂ ਤੋਂ ਬੇਹੱਦ ਖੁਸ਼ ਹਨ ਅਤੇ ਮੰਤਰੀ ਹਰਭਜਨ ਸਿੰਘ ਈ. ਟੀ. ਓ. ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਮਹਾਰਾਸ਼ਟਰ ਅਤੇ ਰਾਜਸਥਾਨ ਦੀ ਤਰਜ ਤੇ ਪੰਜਾਬ ਸਰਕਾਰ ਦੇ ਇਲੈਕਟਰੋਹੋਮਿਓਪੈਥਿਕ ਡਾਕਟਰਾਂ ਨੂੰ ਦੇਵੇ ਮਾਨਤਾ - ਡਾ ਸੇਖੋਂ

## ਇਲੈਕਟਰੋਮੋਪੈਥਿਕ ਡਾਕਟਰਾਂ ਦੀ ਸਤੰਬਰ ਮਹੀਨੇ ਦੀ ਮੀਟਿੰਗ ਚੋਖਾ ਅੰਪਾਇਰ ਵਿੱਚ ਹੋਈ









ਮੋਗਾ, 18 ਸਤੰਬਰ (ਸੁਖਮੰਦਰ ਸਿੰਘ ਸ਼ਾਂਤ)- ਇਲੈਕਟਰੋਹੋਮਿਓਪੈਥਿਕ ਡਾਕਟਰਜ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਸਤੰਬਰ ਮਹੀਨੇ ਦੀ ਮੀਟਿੰਗ ਬੁੱਗੀਪੁਰਾ ਚੌਂਕ ਚੋਖਾ ਅੰਪਾਇਰ ਮੋਗਾ ਵਿਖੇ ਹੋਈ ਅੱਜ ਦੀ ਇਸ ਮੀਟਿੰਗ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਉੱਤਰ ਪ੍ਰਦੇਸ਼ ਤੋਂ 130 ਤੋਂ ਵੱਧ ਡਾਕਟਰਾਂ ਨੇ ਹਿੱਸਾ ਲਿਆ ਇਸ ਮੀਟਿੰਗ ਸ਼ੁਰੂਆਤ ਡਾ ਜਗਜੀਤ ਸਿੰਘ ਗਿੱਲ ਨੇ ਕੀਤੀ ਉਹਨਾਂ ਨੇ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਤੇ ਚਾਨਣਾ ਪਾਇਆ ਮੀਟਿੰਗ ਦੌਰਾਨ ਚੇਅਰਮੈਨ ਡਾ ਜਗਤਾਰ ਸਿੰਘ ਸੇਖੋ ਨੇ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ ਜਿਸ ਤਰ੍ਹਾਂ ਮਹਾਰਾਸ਼ਟਰ ਅਤੇ ਰਾਜਸਥਾਨ ਵਿੱਚ ਇਲੈਕਟਰੋਹੋਮਿਓਪੈਥੀ ਨੂੰ ਮਾਨਤਾ ਦਿੱਤੀ ਗਈ ਹੈ ਉਸੇ ਤਰਜ ਦੇ ਅਧੀਨ ਪੰਜਾਬ ਵਿੱਚ ਵੀ ਇਲੈਕਟਰੋਹੋਮਿਓਪੈਥੀ ਨੂੰ ਮਾਨਤਾ ਦਿੱਤੀ ਜਾਵੇ ਤਾਂ ਜੋ ਇਸ ਅਧੀਨ ਆਉਂਦੇ ਹਜ਼ਾਰਾਂ ਡਾਕਟਰ ਸਹੀ ਤਰੀਕੇ ਨਾਲ ਆਪਣਾ ਕੰਮ ਕਾਰ ਕਰ ਸਕਣ, ਅੱਜ ਦੀ ਇਸ ਮੀਟਿੰਗ ਵਿੱਚ ਡਾ ਜਗਤਾਰ ਸਿੰਘ ਸੇਖੋ ਦੁਆਰਾ ਖੂਨ ਪ੍ਰਣਾਲੀ ਵਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਝੀ ਕੀਤੀ ਉਸ ਤੋ ਬਾਅਦ ਡਾਕਟਰ ਜਗਤਾਰ ਸਿੰਘ ਸੇਖੋਂ ਵਲੋ ਕੁਝ ਸਫਲ ਇਲੈਕਟ੍ਰੋਹੋਮਿਓਪੈਥੀ ਤਜਰਬੇ ਵੀ ਸਾਂਝੇ ਕੀਤੇ ਇਸ ਤੋ ਬਾਅਦ ਡਾ ਜਗਪ੍ਰੀਤ ਸਿੰਘ ਖੋਖਰ ਦੁਆਰਾ ਰੀੜ ਦੀ ਹੱਡੀ ਦੀ ਬਣਤਰ ਅਤੇ ਕੰਮਾਂ ਬਾਰੇ ਦੱਸਿਆ ਇਸ ਸਮੇਂ ਜਰਨਲ ਸਕੱਤਰ ਡਾ ਪਰਮਿੰਦਰ ਪਾਠਕ ਦੁਆਰਾ ਕੈਨਸਰੋਸੋਸ 10 ਦਵਾਈ ਦੀਆਂ ਵਿਸ਼ੇਸ਼ਤਾਵਾਂ ਦੱਸੀਆਂ ਅਤੇ ਇਹ ਵੀ ਜਾਣਕਾਰੀ ਸ਼ਾਝੀ ਕੀਤੀ ।

ਆਵਾਜ਼ਿ ਕੌਮ AWAZE QAUM International Newspaper & WEB TV

ਡਾ ਕਮਲਜੀਤ ਕੌਰ ਸੇਖੋ ਦੁਆਰਾ ਇਲੈਕਟਰੋਹੋਮਿਓਪੈਥੀ ਦੇ 2 ਪੌਦਿਆਂ ਦੇ ਗੁਣਾਂ ਅਤੇ ਕੰਮਾਂ ਬਾਰੇ ਜਾਣਕਾਰੀ ਦਿੱਤੀ, ਡਾ ਅਵਤਾਰ ਸਿੰਘ ਦੁਆਰਾ ਟਾਈਫਾਇਡ ਬਿਮਾਰੀ ਦੇ ਕਾਰਨ ਅਤੇ ਇਲਾਜ ਬਾਰੇ ਦੱਸਿਆ ਗਿਆ ਡਾ. ਅੰਮ੍ਰਿਤਪਾਲ ਸਿੰਘ ਗੋਨਿਆਨਾ ਲਫੈਟਿਕ ਸਿਸਟਮ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਇਸ ਸਮੇ ਡਾ ਮੁਕੇਸ਼ ਫਿਰੋਜ਼ਪੁਰ, ਡਾ ਹਰਦੀਪ ਸਿੰਘ ਕਪੂਰਥਲਾ, ਡਾ ਐਸ ਕੇ ਕਟਾਰੀਆ ਬਠਿੰਡਾ, ਡਾ ਰਾਜੇਸ਼ ਸ਼ਰਮਾ ਸਿਰਸਾ ਹਰਿਆਣਾ, ਡਾ ਪ੍ਰਦੀਪ ਕੁਮਾਰ ਦਿੱਲੀ, ਕੋਰ ਕਮੇਟੀ ਮੈਂਬਰ ਡਾ ਮਨਪ੍ਰੀਤ ਸਿੰਘ ਨਿਹਾਲ ਸਿੰਘ ਵਾਲਾ, ਡਾ ਵੀਰਪਾਲ ਕੌਰ ਕੁੱਸਾ ਵੱਲੋਂ ਵੱਖੋ ਵੱਖ ਬਿਮਾਰੀਆਂ ਤੇ ਆਪਣੇ ਤਜਰਬੇ ਸਾਂਝੇ ਕੀਤੇ ਗਏ ਅੰਤ ਵਿੱਚ ਡਾ ਜਗਮੋਹਣ ਸਿੰਘ ਧੂੜਕੋਟ ਨੇ ਆਏ ਹੋਏ ਡਾਕਟਰਾਂ ਦਾ ਧੰਨਵਾਦ ਕੀਤਾ ਗਿਆ ਇਸ ਸਮੇਂ ਮੀਟਿੰਗ ਵਿੱਚ ਡਾ ਜਸਵਿੰਦਰ ਸਿੰਘ, ਡਾ ਸ਼ਿੰਦਰ ਸਿੰਘ ਕਲੇਰ, ਡਾ ਹਰਦੇਵ ਸਿੰਘ ਸੈਣੀ, ਡਾ ਵਰਿੰਦਰ ਸਿੰਘ, ਡਾ ਸ਼ਿਮੰਦਰ ਸਿੰਘ, ਡਾ ਸੁਨੀਲ ਦੱਤ ਸ਼ਰਮਾ, ਡਾ ਪ੍ਰਦੀਪ ਨਰੂਲਾ, ਡਾ ਸ਼ਿੰਦਰ ਸਿੰਘ, ਡਾ ਜੋਗਾ ਸਿੰਘ, ਡਾ ਰਣਧੀਰ ਸਿੰਘ, ਡਾ ਗੁਰਮੀਤ ਸਿੰਘ ਕਰਮਜੀਤ ਸਿੰਘ, ਡਾ ਵਿਮਲ ਕੁਮਾਰ, ਡਾ ਸੁਰੇਸ਼ ਸ਼ਰਮਾ, ਡਾ ਕਿਰਪਾਲ ਸਿੰਘ, ਡਾ ਸ਼ਿਹਜ਼ਾਦ ਹੁਸੈਨ, ਡਾ ਫਾਰੂਕ, ਡਾ ਨਵਦੀਪ ਸਿੰਘ, ਡਾ ਲਖਬੀਰ ਕੌਰ, ਡਾ ਸ਼ਿਹਬਾਜ, ਡਾ ਨਿਰਮਲਜੀਤ ਸਿੰਘ, ਡਾ ਕੁਲਦੀਪ ਸਿੰਘ, ਡਾ ਹਰਵਿੰਦਰ ਕੌਰ, ਡਾ ਸਤਨਾਮ ਸਿੰਘ, ਡਾ ਕਮਲਜੀਤ ਸਿੰਘ, ਡਾ ਗੁਰਦੇਵ ਸਿੰਘ, ਡਾ ਨਾਰੇਸ਼ ਭੰਡਾਰੀ, ਡਾ ਮੁਕੇਸ਼ ਕੁਮਾਰ, ਡਾ ਗੁਰਵਿੰਦਰ ਸਿੰਘ ਆਦਿ ਡਾਕਟਰਾਂ ਨੇ ਹਿੱਸਾ ਲਿਆ।

## ਪੰਜਾਬ 'ਚ ਕਾਨੂੰਨ ਵਿਵਸਥਾ ਫੇਲ੍ਹ, ਲੋਕਾਂ ਦੀ ਸੁਰੱਖਿਆ ਰੱਬ ਆਸਰੇ ਆਏ ਦਿਨ

# ਲੁੱਟਾਂ ਖੋਹਾਂ ਦਾ ਸਿਲਸਿਲਾ ਲਗਾਤਾਰ ਜਾਰੀ : ਰਾਜਾ ਵੜਿੰਗ, ਡੈਨੀ ਬੰਡਾਲਾ



**ਜੰਡਿਆਲਾ ਗੁਰੂ, 18 ਸਤੰਬਰ ( ਕੁਲਵੰਤ ਸਿੰਘ ਵਿਰਦੀ)**-ਪੰਜਾਬ ਵਿੱਚ ਫੇਲ੍ਹ ਹੋਈ ਕਾਨੂੰਨ ਵਿਵਸਥਾ ਨੂੰ ਲੈ ਕੇ ਕਾਂਗਰਸ ਪਾਰਟੀ ਵੱਲੋਂ ਸੂਬੇ ਭਰ ਵਿੱਚ ਰੋਸ ਪ੍ਰਦਰਸ਼ਨ ਕੀਤੇ ਗਏ। ਇਸ ਤਹਿਤ ਅੱਜ ਕਾਂਗਰਸ ਪਾਰਟੀ ਦੇ ਆਗੂ, ਸਾਬਕਾ ਵਿਧਾਇਕ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਡੈਨੀ ਦੀ ਅਗਵਾਈ ਹੇਠ ਡੀਐਸਪੀ ਜੰਡਿਆਲਾ ਗੁਰੂ ਦੇ ਦਫ਼ਤਰ ਅੱਗੇ ਰੋਸ ਧਰਨਾ ਦਿੱਤਾ ਗਿਆ ਡੈਨੀ ਨੇ ਕਿਹਾ ਕਿ ਜੰਡਿਆਲਾ ਗੁਰੂ ਅਤੇ ਇਸ ਦੇ ਆਸ-ਪਾਸ ਦੇ ਪਿੰਡਾਂ ਵਿੱਚ ਲੁੱਟ-ਖੋਹ, ਚੋਰੀ ਅਤੇ ਕਤਲ ਦੀਆਂ ਕਈ ਘਟਨਾਵਾਂ ਵਾਪਰ ਰਹੀਆਂ ਹਨ, ਜਿਸ ਕਾਰਨ ਲੋਕਾਂ ਦਾ ਘਰੋਂ ਬਾਹਰ ਨਿਕਲਣਾ ਵੀ ਮੁਸ਼ਕਿਲ ਹੋ ਗਿਆ ਹੈ ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ 'ਆਪ' ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸੂਬੇ 'ਚ ਅਮਨ ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ 'ਚ ਫੇਲ ਹੋ ਚੁੱਕੇ ਹਨ ਕਿ ਸੂਬੇ ਦਾ ਕੋਈ ਵੀ ਵਰਗ ਸੁਰੱਖਿਅਤ ਨਹੀਂ ਹੈ ਹਰ ਰੋਜ਼ ਕਤਲ, ਲੁੱਟ-ਖੋਹ ਅਤੇ ਫਿਰੌਤੀ ਦੇ ਮਾਮਲੇ ਸਾਹਮਣੇ ਆ ਰਹੇ ਹਨ ਹਰ ਵਰਗ ਦੇ ਲੋਕ ਭਾਵੇਂ ਉਹ ਵਪਾਰੀ ਹੋਣ ਜਾਂ ਦੁਕਾਨਦਾਰ, ਲੁੱਟ-ਖੋਹ ਅਤੇ ਚੋਰੀਆਂ ਦਾ ਸ਼ਿਕਾਰ ਹੋ ਰਹੇ ਹਨ ਹਾਲਾਤ ਇੰਨੇ ਮਾੜੇ ਹੋ ਗਏ ਹਨ ਕਿ ਲੋਕ ਪੰਜਾਬ ਵਿੱਚ ਨਵੇਂ ਕਾਰੋਬਾਰ ਖੋਲ੍ਹਣ ਤੋਂ ਡਰਦੇ ਹਨ ਤੇ ਕਿਤੇ ਉਨ੍ਹਾਂ ਨੂੰ ਵੀ ਲੁੱਟ-ਖੋਹ ਦਾ ਸਾਹਮਣਾ ਨਾ ਕਰਨਾ ਪਵੇ ਹਰ ਰੋਜ ਵੱਡੇ ਤੇ ਛੋਟੇ ਕਾਰੋਬਾਰੀਆਂ ਨੰ ਫਿਰੌਤੀਆ ਦੀਆ ਫੋਨ ਕਾਲਾ ਆਉਦੀਆ ਹਨ ਜਿਸ ਕਰਨ ਕਾਰੋਬਾਰੀ ਪੰਜਾਬ ਵਿੱਚ ਆਪਨਾ ਕਾਰੋਬਾਰ ਕਰਨਾ ਨਹੀ ਚਹੁੰਦਾ ਹੈ ਵੜਿੰਗ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਹ ਇਸ ਮਾਮਲੇ ਸਬੰਧੀ ਜ਼ਿਲ੍ਹਾ ਪੱਧਰੀ ਸਰਕਾਰ ਦਾ ਘਿਰਾਓ ਕਰਨਗੇ ਇਸ ਮੌਕੇ ਤੇ ਸੰਸਤ ਮੈਂਬਰ ਅਮਰਿੰਦਰ ਸਿੰਘ ਰਾਜਾਵੜਿੰਗ, ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ,ਕਾਂਗਰਸੀ ਆਗੂ ਦਿਲਬਾਗ ਸਿੰਘ, ਸਰਬਜੀਤ ਸਿੰਘ ਸੋਨੂੰ ਜੰਡਿਆਲਾ,ਕੌਂਸਲਰ ਜਤਿੰਦਰ ਸਿੰਘ ਨਾਟੀ, ,ਭੁਪਿੰਦਰ ਸਿੰਘ ਹੈਪੀ ਸਾਬਕਾ ਕੋਸਲਰ ਮਨਜਿੰਦਰ ਸਿੰਘ ਸਰਜਾ, ਕਾਂਗਰਸ ਪਾਰਟੀ ਅੰਮ੍ਰਿਤਸਰ ਦੇ ਜਿਲ੍ਹਾ ਮੀਤ ਪ੍ਰਧਾਨ ਅਵਤਾਰ ਸਿੰਘ ਟੱਕਰ ਜਾਣੀਆਂ, ਸਰਬਜੀਤ ਸਿੰਘ ਸੋਨੂੰ ਜੜਿੰਆਲਾ ,ਨਿਰਮਲ ਸਿੰਘ ਨਿਮਾ , ਬਲਵਿੰਦਰ ਸਿੰਘ, ਚੇਅਰਮੈਨ ਇੰਦਰਜੀਤ ਸਿੰਘ , ਭੁਪਿੰਦਰ ਸਿੰਘ ਹੈਪੀ, ਗੋਲਡੀ ਪ੍ਰਧਾਨ, ਐਡਵੋਕੇਟ ਅਮਿਤ ਕੁਮਾਰ, ਸੁਰਿੰਦਰ ਸੇਠ, ਸਾਬਕਾ ਚੇਅਰਮੈਨ ਹਰਜੀਤ ਸਿੰਘ ਬੰਡਾਲਾ, ਹਰਜੀਤ ਸਿੰਘ ਅੱਡਾ ਬੰਡਾਲਾ ਸਮੇਤ ਅਤੇ ਸੈਂਕੜੇ ਕਾਂਗਰਸੀ ਵਰਕਰ ਹਾਜ਼ਰ ਸਨ।

## ਦੀ ਰੈਵੀਨਿਊ ਪਟਵਾਰ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੀ ਪਲੇਠੀ ਮੀਟਿੰਗ ਪਰਾਲੀ ਦੀ ਰਹਿਦ ਖੂੰਦ ਸਾੜਨ ਦਾ

# ਮੌਕਾ ਵੇਖਣ ਪਟਵਾਰੀ ਇਕੱਲਾ ਨਹੀਂ, ਸਮੁੱਚੀ ਟੀਮ ਮੌਕਾ ਵੇਖੇਗੀ : ਸੋਹੀ



ਜੰਡਿਆਲਾ ਗੁਰੂ 18 ਸਤੰਬਰ ( ਕੁਲਵੰਤ ਸਿੰਘ ਵਿਰਦੀ) ਦੀ ਰੈਵੀਨਿਊ ਪਟਵਾਰ ਯੂਨੀਅਨ ਜਿਲਾ ਅੰਮਿਤਸਰ ਦੀ ਪਲੇਠੀ ਮੀਟਿੰਗ ਕਮਰਾ ਨੰਬਰ 120 ਨੇੜੇ ਐਸ. ਕੇ. ਬ੍ਰਾਂਚ ਵਿਚ ਗੁਰਜੰਟ ਸਿੰਘ ਸੋਹੀ ਜਿਲਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਸਬੋਧਨ ਕਰਦਿਆ ਸੋਹੀ ਸਾਬ ਨੇ ਦੱਸਿਆ ਕਿ ਪਰਾਲੀ ਦੀ ਰਹਿਦ ਖੂਦ ਸਾੜਨ ਦਾ ਮੌਕਾ ਵੇਖਣ ਪਟਵਾਰੀ ਇਕੱਲਾ ਨਹੀ ਜਾਵੇ ਸਮੁੱਚੀ ਟੀਮ ਦੀ ਹਾਜਰੀ ਵਿਚ ਮੌਕਾ ਵੇਖੇਗਾ ਪਟਵਾਰੀਆ ਵਲੋ ਅ ?ਗ ਲ ?ਗਣ ਵਾਲੇ ਰਕਬੇ ਦਾ ਸਿਰਫ ਨੰਬਰ ਖਸਰਾ ਟ੍ਰੇਸ ਕਰਕੇ ਉਸ ਨੰਬਰ ਖਸਰਾ ਦੀ ਮਾਲਕੀ ਬਾਰੇ ਰਿਪੋਰਟ ਕਰਨਗੇ ਉਹਨਾ ਬੋਲਦਿਆ ਕਿਹਾ ਕਿ ਪਟਵਾਰੀਆ ਨੂੰ ਆ ਰਹੀਆ ਮੁਸ਼ਕਿਲਾ ਬਾਰੇ ਜਲਦ ਹੀ ਜਿਲਾ ਪ੍ਰਸਾਸ਼ਨ ਨਾਲ ਰਾਬਤਾ ਕਰਕੇ ਹ ?ਲ ਕੀਤਾ ਜਾਵੇਗਾ ਇਸ ਮੌਕੇ ਸ੍ਰ ਹਰਪ੍ਰੀਤ ਸਿੰਘ ਜਿਲਾ ਜਰਨਲ ਸਕੱਤਰ, ਸ੍ਰੀ ਮਤੀ ਸਭਪ੍ਰੀਤ ਕੌਰ ਜਿਲਾ ਖਜ਼ਾਨਚੀ, ਹਰਪਾਲ ਸਿੰਘ ਨੁਮਾਇੰਦਾ ਪੰਜਾਬ, , ਜਸਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ 1, ਕੁਲਵਿੰਦਰ ਸਿੰਘ, ਰਾਜੀਵ ਕੁਮਾਰ, ਆਗਿਆਪਾਲ ਸਿੰਘ, ਜਲਵਿੰਦਰ ਸਿੰਘ, ਸਾਰੇ ਸੀਨੀਅਰ ਮੀਤ ਪ੍ਰਧਾਨ, ਸੁਖਚੈਨ ਸਿੰਘ ਮੀਤ ਪ੍ਰਧਾਨ , ਜੋਬਨਜੀਤ ਸਿੰਘ ਤਹਿਸੀਲ ਪ੍ਰਧਾਨ ਅੰਮ੍ਰਿਤਸਰ 2 ਸੋਰਭ ਸਰਮਾ ਤਹਿਸੀਲ ਪ੍ਰਧਾਨ ਅੰਮ੍ਰਿਤਸਰ 1 ,ਕਰਨਜੀਤ ਸਿੰਘ ਤਹਿਸੀਲ ਪ੍ਰਧਾਨ ਲੋਪੋਕੇ, ਗੁਰਬਾਜ ਸਿੰਘ ਤਹਿਸੀਲ ਪ੍ਰਧਾਨ ਅਜਨਾਲਾ ,ਕੰਵਲ ਅਵਤਾਰ ਸਿੰਘ ਤਹਿਸੀਲ ਪ੍ਰਧਾਨ ਮਜੀਠਾ ,ਜਸਵਿੰਦਰ ਸਿੰਘ ਜਰਨਲ ਸਕੱਤਰ ਤਹਿਸੀਲ ਅਜਨਾਲਾ ਮਨਿੰਦਰ ਸਿੰਘ ਜਰਨਲ ਸਕੱਤਰ ਤਹਿਸੀਲ ਅੰਮ੍ਰਿਤਸਰ 2 ਹਰਚੰਦ ਸਿੰਘ ਜਰਨਲ ਸਕੱਤਰ ਤਹਿਸੀਲ ਅੰਮ੍ਰਿਤਸਰ 1 ਜੁਗਰਾਜ ਸਿੰਘ ਤਹਿਸੀਲ ਖਜਾਨਚੀ ਤਹਿਸੀਲ ਅੰਮ੍ਰਿਤਸਰ 1 ,ਸੰਜੀਵ ਕੁਮਾਰ ਖਜਾਨਚੀ ਤਹਿਸੀਲ ਅੰਮ੍ਰਿਤਸਰ 2, ਕਸ਼ਮੀਰ ਸਿੰਘ ਭੁੱਲਰ ਪ੍ਰੈੱਸ ਸਕੱਤਰ ਜ਼ਿਲ੍ਹਾ,ਅਨੁਜ ਸਰਮਾ ਖਜਾਨਚੀ ਤਹਿਸੀਲ ਅਜਨਾਲਾ,ਵਿਵੇਕ ਭਾਟੀਆ ਪਟਵਾਰੀ ਆਦਿ ਹਾਜਰ ਆਏ।

## ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਜੀ ਦੀ ਹਾਜਰੀ ਵਿੱਚ ਅਕਾਲ ਤਖਤ ਸਾਹਿਬ ਤੋ ਦੋਸ਼ੀ ਕਰਾਰ ਦਿੱਤੇ ਅਕਾਲੀ ਲੀਡਰਾ ਨੇ ਅਕਾਲ ਤਖਤ ਦੇ ਹੁਕਮਾਂ ਦੀ ਨਹੀ ਕੀਤੀ ਕੋਈ ਪ੍ਰਵਾਹ ਫੇਰ ਹੋਈ ਅਕਲ ਤਖਤ ਸਾਹਿਬ ਦੇ ਹੁਕਮ ਦੀ ਉਲੰਘਣਾ ਤੁੰਗ






**ਸ੍ਰੀ ਅੰਮ੍ਰਿਤਸਰ ਸਾਹਿਬ, 18 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅੱਜ ਮਿੱਤੀ 18 ਬੁਧਵਾਰ ਨੂੰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀਓ ਦੇ ਜੋਤੀ ਜੋਤਿ ਦਿਵਸ ਅਤੇ ਗੁਰਿਆਈ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ 450 ਸਾਲਾ ਸ਼ਤਾਬਦੀ ਸਮਗਾਮਾ ਸਬੰਧੀ ਸ੍ਰੀ ਬਾਉਲੀ ਸਹਿਬ ਗੋਇੰਦਵਾਲ ਸਾਹਿਬ ਵਿੱਖੇ ਸੰਗਤਾ ਵਲੋ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਗਿਆ ਜਿਸ ਵਿੱਚ ਧਾਰਮਿਕ ਸਮਾਜਿਕ ਸਿਆਸੀ ਆਗੂਆਂ ਨੇ ਸ਼ਮੂਲੀਅਤ ਕੀਤੀ ਪਿਛਲੇ ਦਿਨੀ ਸੁਖਬੀਰ ਸਿੰਘ ਬਾਦਲ ਸਮੇਤ ਕਈ ਅਕਾਲੀ ਲੀਡਰਾ ਨੂੰ ਜਥੇਦਾਰ ਰਘਬੀਰ ਸਿੰਘ ਜੀਓ ਵੱਲੋ ਦੋਸ਼ੀ ਅਤੇ ਤਨਖਾਹੀਆ ਕਰਾਰ ਦਿੱਤਾ ਗਿਆ ਅਤੇ ਲਗਭਗ ਸਾਰੀ ਲੀਡਰਸ਼ਿਪ ਨੇ ਵੀ ਆਪਣੇ-ਆਪ ਨੂੰ ਦੋਸ਼ੀਆ ਦੀ ਕਤਾਰ ਵਿੱਚ ਸ਼ਾਮਲ ਕੀਤਾ ਜਿਸ ਵਿੱਚ ਬਲਵਿੰਦਰ ਸਿੰਘ ਭੂੰਦੜ ਵੀ ਸ਼ਾਮਲ ਹਨ ਅੱਜ ਗੋਇੰਦਵਾਲ ਸਾਹਿਬ ਵਿੱਖੇ ਧਾਰਮਿਕ ਸਟੇਜ ਉਪਰ ਦੋਸ਼ੀ ਕਰਾਰ ਦਿੱਤੇ ਗਏ ਵਿਅਕਤੀਆਂ ਦਾ ਹੀ ਕਬਜਾ ਰਹਿਆ ਅਤੇ ਜਥੇਦਾਰ ਰਘਬੀਰ ਸਿੰਘ ਜੀ ਦੀ ਹਾਜ਼ਰੀ ਵਿੱਚ ਬਿਨਾ ਕੋਈ ਰੋਕ ਟੋਕ ਦੇ ਬਲਵਿੰਦਰ ਸਿੰਘ ਭੂੰਦੜ ਰਜਿੰਦਰ ਸਿੰਘ ਮਹਿਤਾ ਅਮਰਜੀਤ ਸਿੰਘ ਚਾਵਲਾ ਗੁਰਚਰਨ ਸਿੰਘ ਗਰੇਵਾਲ ਤੇ ਕਈ ਹੋਰ ਸਟੇਜ ਸੰਚਾਲਨ ਕਰਦੇ ਰਹਿ ਬਹੁਤ ਦੁੱਖ ਦੀ ਗੱਲ ਹੈ ਜਿਨਾ ਅਕਾਲੀ ਲੀਡਰਾ ਨੇ ਆਪਣੇ-ਆਪ ਨੂੰ ਜਥੇਦਾਰ ਦੇ ਸਨਮੁੱਖ ਹੋ ਕੇ ਕਹਿਆ ਹੋਵੇ ਪੰਥਕ ਸਰਕਾਰ ਚਲਾਉਣ ਸਮੇ ਵੱਡੀਆ ਵੱਡੀਆ ਸਾਡੇ ਪਾਸੋ ਗਲਤੀਆਂ ਹੋਈਆ ਹਨ ਤਾਂ ਫਿਰ ਜਥੇਦਾਰ ਰਘਬੀਰ ਸਿੰਘ ਜੀ ਨੇ ਕਿਓ ਨਹੀ ਰੋਕਿਆ ਦੋਸ਼ੀਆ ਨੂੰ ਹੁੱਣ ਇਹ ਅੰਦਾਜਾ ਸਾਨੂੰ ਹੋ ਗਿਆ ਹੈ ਕਿ ਤਨਖਾਹੀਆ ਕਰਾਰ ਦਿੱਤੇ ਗਏ ਅਕਾਲੀ ਲੀਡਰਾ ਦੇ ਖਿਲਾਫ ਅਕਾਲ ਤਖਤ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਕੀ ਫੈਸਲਾ ਦੇਣ ਗੇ ਹੁੱਣ ਤਾ ਗੁਰੂ ਹਰਗੋਬਿੰਦ ਸਾਹਿਬ ਜੀਓ ਆਪ ਹੀ ਸਿੱਖ ਕੌਮ ਦੀ ਅਗਵਾਈ ਕਰਨ ਤਾਂ ਕੌਮ ਦਾ ਭਲਾ ਹੋ ਸਕਦਾ ਹੈ ਤਨਖਾਹ ਲੈਣ ਵਾਲਿਆ ਨੇ ਤਾਂ ਕੋਈ ਕਸਰ ਨਹੀ ਛੱਡਣੀ ਸਿੱਖ ਕੌਮ ਦਾ ਬੇੜਾ ਡੋਬਣ ਦੀ ਵਾਹਿਗੁਰੂ ਸਾਹਿਬ ਜੀਓ ਮੇਹਰ ਕਰੋ। ਪੰਥਕ ਚਿੰਤਕ ਇਕਬਾਲ ਸਿੰਘ ਤੁੰਗ ਸਾਬਕਾ ਨਿੱਜੀ ਸਕਤਰ ਜਥੇਦਾਰ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸਾਹਿਬ।

# ਗੁਰਦਆਰਾ ਬਾਬਾ ਦਰਸ਼ਨ ਸਿੰਘ ਕੁਲੀ ਵਾਲਿਆਂ ਵਿਖੇ ਕਾਰ ਸੇਵਾ ਆਰੰਭ



**ਚੌਕ ਮਹਿਤਾ, 18 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਬ੍ਰਹਮ ਗਿਆਨੀ ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਦਰਸ਼ਨ ਸਿੰਘ ਜੀ ਕੁੱਲੀ ਵਾਲਿਆਂ ਦੀ ਪ੍ਰੇਰਨਾ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਪ੍ਰਾਪਤ ਹੁੰਦਾ ਹੈ ਇਹ ਵਿਚਾਰ ਗੁਰਦੁਆਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੇਵ ਸਿੰਘ ਕੁੱਲੀ ਵਾਲਿਆਂ ਵੱਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਸੰਗਤਾਂ ਦੀ ਹਾਜ਼ਰੀ ਵਿੱਚ ਅਰਦਾਸ ਕਰਨ ਉਪਰੰਤ ਗੁਰਦੁਆਰਾ ਸਾਹਿਬ ਦੀ ਦਰਸ਼ਨੀ ਡਿਓੜੀ ਅਤੇ ਅੰਗੀਠਾ ਸਾਹਿਬ ਦੀ ਕਾਰ ਸੇਵਾ ਦਾ ਟੱਪ ਲਗਾਉਂਦਿਆਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ ਇਸ ਮੌਕੇ ਸਮੂਹ ਸਾਧ ਸੰਗਤ ਵੱਲੋਂ ਬੋਲੇ ਸੋ ਨਿਹਾਲ ਜੈਕਾਰਿਆਂ ਦੀ ਗੂੰਜ ਨਾਲ ਕਾਰ ਸੇਵਾ ਸ਼ੁਰੂ ਕੀਤੀ ਗਈ ਇਸ ਮੌਕੇ ਬਾਬਾ ਗੁਰਜੀਤ ਸਿੰਘ ਭਾਈ ਹਰਪ੍ਰੀਤ ਸਿੰਘ ਠੇਕੇਦਾਰ ਰਸ਼ਪਾਲ ਸਿੰਘ ਨੂਰੁਲਾ ਠੇਕੇਦਾਰ ਠੇਕੇਦਾਰ ਪਰਮਿੰਦਰ ਸਿੰਘ ਲੱਕੀ ਨੂਰੁਲਾ ਦਿਆਲ ਸਿੰਘ ਦਿਲਬਾਗ ਸਿੰਘ ਬਾਗਾ ਵਡਾਲਾ ਸਮੇਤ ਯੂਪੀ ਤੋਂ ਆਈਆਂ ਸੈਂਕੜੇ ਸੰਗਤਾਂ ਹਾਜ਼ਰ ਸਨ ਲੰਗਰ ਵੀ ਅਤੁੱਟ ਵਰਤਾਏ ਗਏ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243